ਸਵੇਰ ਦਾ ਹੌਸਲਾ



Janice Clarke

ਯਿਸੂ ਨਾਲ ਆਪਣਾ ਸਫ਼ਰ ਸ਼ੁਰੂ ਕਰਨ ਲਈ ਇੱਕ ਪ੍ਰਾਰਥਨਾ

ਜੇ ਤੁਸੀਂ ਕਦੇ ਯਿਸੂ ਨੂੰ ਆਪਣੀ ਜ਼ਿੰਦਗੀ ਦਾ ਪ੍ਰਭੂ ਨਹੀਂ ਬਣਾਇਆ, ਤਾਂ ਤੁਸੀਂ ਅੱਜ ਸ਼ੁਰੂ ਕਰ ਸਕਦੇ ਹੋ। ਉਹ ਤੁਹਾਨੂੰ ਪਿਆਰ ਕਰਦਾ ਹੈ, ਅਤੇ ਤੁਹਾਨੂੰ ਸੱਦਾ ਹੈ ਕਿ ਤੁਸੀਂ ਉਸ ਨੂੰ ਨਿੱਜੀ ਤੌਰ ਤੇ ਜਾਣੋ।

ਰੋਮੀਆਂ 10:9 ਸਾਨੂੰ ਦੱਸਦਾ ਹੈ ਕਿ ਜੇ ਅਸੀਂ ਯਿਸੂ ਨੂੰ ਪ੍ਰਭੂ ਮੰਨ ਕੇ ਉਸ ਦਾ ਇਕਰਾਰ ਕਰੀਏ ਅਤੇ ਆਪਣੇ ਦਿਲ ਵਿੱਚ ਵਿਸ਼ਵਾਸ ਕਰੀਏ ਕਿ ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ, ਤਾਂ ਅਸੀਂ ਬਚਾਏ ਜਾਵਾਂਗੇ।

ਇਹ ਪ੍ਰਾਰਥਨਾ ਉਸ ਵਿਸ਼ਵਾਸ ਨੂੰ ਜ਼ਾਹਰ ਕਰਨ ਦਾ ਇੱਕ ਤਰੀਕਾ ਹੈ। ਗੱਲ ਬਿਲਕੁਲ ਸਹੀ ਸ਼ਬਦ ਬੋਲਣ ਦੀ ਨਹੀਂ—ਗੱਲ ਸੱਚੇ ਦਿਲੋਂ ਉਸ ਵੱਲ ਮੁੜਨ ਦੀ ਹੈ।

ਪ੍ਰਭੂ ਯਿਸੂ,

ਮੇਰਾ ਵਿਸ਼ਵਾਸ ਹੈ ਕਿ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ। ਮੇਰਾ ਵਿਸ਼ਵਾਸ ਹੈ ਕਿ ਤੁਸੀਂ ਮੇਰੇ ਪਾਪਾਂ ਲਈ ਮਰੇ ਅਤੇ ਪਰਮੇਸ਼ੁਰ ਨੇ ਤੁਹਾਨੂੰ ਮੁਰਦਿਆਂ ਵਿੱਚੋਂ ਜਿਵਾਲਿਆ।

ਕਿਰਪਾ ਕਰਕੇ ਮੇਰੇ ਪਾਪ ਮਾਫ਼ ਕਰ ਦਿਓ। ਮੈਂ ਤੁਹਾਡੇ ਵੱਲ ਮੁੜ ਕੇ ਤੁਹਾਡਾ ਪਿਆਰ ਅਤੇ ਮਾਫ਼ੀ ਕਬੂਲ ਕਰਨ ਲਈ ਤਿਆਰ ਹਾਂ। ਅੱਜ ਮੇਰਾ ਇਕਰਾਰ ਹੈ ਕਿ ਤੁਸੀਂ ਪ੍ਰਭੂ ਹੋ, ਅਤੇ ਮੇਰੀ ਜ਼ਿੰਦਗੀ ਹੁਣ ਤੁਹਾਡੇ ਹਵਾਲੇ ਹੈ।

ਮੈਨੂੰ ਬਚਾਉਣ ਅਤੇ ਨਵਾਂ ਜੀਵਨ ਦੇਣ ਲਈ ਤੁਹਾਡਾ ਧੰਨਵਾਦ। ਹਰ ਦਿਨ ਤੁਹਾਨੂੰ ਜਾਣਨ, ਤੁਹਾਡੇ ਉੱਤੇ ਭਰੋਸਾ ਰੱਖਣ ਅਤੇ ਤੁਹਾਡੇ ਪਿੱਛੇ ਚੱਲਣ ਵਿੱਚ ਮੇਰੀ ਮਦਦ ਕਰੋ।

ਆਮੀਨ।

ਸਵੇਰ ਦਾ ਹੌਸਲਾ ਵਿੱਚ ਜੀ ਆਇਆਂ ਨੂੰ

ਜਦੋਂ ਤੁਸੀਂ ਯਿਸੂ ਨਾਲ ਆਪਣਾ ਸਫ਼ਰ ਸ਼ੁਰੂ ਕਰ ਰਹੇ ਹੋ, ਮੇਰੀ ਆਸ ਹੈ ਕਿ ਸਵੇਰ ਦੇ ਇਹ ਛੋਟੇ-ਛੋਟੇ ਪਾਠ ਰਾਹ ਵਿੱਚ ਤੁਹਾਡਾ ਹੌਸਲਾ ਵਧਾਉਣਗੇ। ਬਾਈਬਲ ਦੀਆਂ ਆਇਤਾਂ ਪੜ੍ਹਨ, ਸੋਚ-ਵਿਚਾਰ ਵਾਲੇ ਸਵਾਲਾਂ ਬਾਰੇ ਸੋਚਣ ਅਤੇ ਪ੍ਰਾਰਥਨਾ ਵਿੱਚ ਪਰਮੇਸ਼ੁਰ ਨਾਲ ਗੱਲ ਕਰਨ ਲਈ ਸਮਾਂ ਕੱਢੋ। ਤੁਹਾਨੂੰ ਸਭ ਕੁਝ ਇੱਕੋ ਵਾਰ ਸਮਝਣ ਦੀ ਲੋੜ ਨਹੀਂ। ਬੱਸ ਇੱਕ-ਇੱਕ ਦਿਨ ਕਰਕੇ ਉਸ ਨੂੰ ਜਾਣਦੇ ਰਹੋ।

ਤਤਕਰਾ

ਦਿਨ	ਪੰਨਾ
1. ਪਰਮੇਸ਼ੁਰ ਦੀ ਹਜ਼ੂਰੀ ਦਾ ਸਕੂਨ	6
2. ਤੁਸੀਂ ਕੀ ਲੁਕਾ ਰਹੇ ਹੋ?	8
3. ਸ਼ਾਨਦਾਰ ਤੋਹਫ਼ੇ	11
4. ਉਹ ਤੁਹਾਨੂੰ ਕਦੇ ਨਹੀਂ ਤਿਆਗੇਗਾ	14
5. ਆਪਣਾ ਭਾਰ ਉਸ ਨੂੰ ਚੁੱਕਣ ਦਿਓ	17
6. ਮੇਰਾ ਦਿਲਾਸਾ ਦੇਣ ਵਾਲਾ	19
7. ਪਰਮੇਸ਼ੁਰ ਸਾਡੀ ਰਾਖੀ ਕਰਦਾ ਹੈ	21
8. ਵਿਰਸਾ	23
9. ਗ਼ਲਤੀਆਂ ਤੋਂ ਸਿੱਖੋ	25
10. ਸਾਡੀਆਂ ਕੁਰਬਾਨੀਆਂ	27

ਤਤਕਰਾ

ਦਿਨ	ਪੰਨਾ
11. ਉਹ ਵੀ ਬਦਲੇ ਵਿੱਚ ਤੁਹਾਨੂੰ ਪਿਆਰ ਕਰਦਾ ਹੈ	29
12. ਪਰਮੇਸ਼ੁਰ ਤੁਹਾਡਾ ਹੱਥ ਫੜਦਾ ਹੈ	31
13. ਇੱਕ ਨਿੱਜੀ ਪਰਮੇਸ਼ੁਰ	33
14. ਸੱਚੀ ਬਰਾਬਰੀ	36
15. ਸਭ ਕੁਝ ਰਲ ਕੇ ਸਾਡਾ ਭਲਾ ਕਰਦਾ ਹੈ	38
16. ਤੁਸੀਂ ਆਪਣੇ ਪਿਤਾ ਉੱਤੇ ਭਰੋਸਾ ਰੱਖ ਸਕਦੇ ਹੋ	41
17. ਪਰਮੇਸ਼ੁਰ ਤੁਹਾਡੇ ਸਾਹ ਨਾਲੋਂ ਵੀ ਨੇੜੇ ਹੈ	43
18. ਆਖ਼ਰੀ ਸਹਾਰਾ	46
19. ਪਰਮੇਸ਼ੁਰ ਸਾਡਾ ਭਾਰ ਚੁੱਕਦਾ ਹੈ	48
20. ਫਹੁੜੀ	51

ਤਤਕਰਾ

ਦਿਨ	ਪੰਨਾ
21. ਪਰਮੇਸ਼ੁਰ ਮੇਰੇ ਨਾਲ ਹੈ	53
22. ਜੀਵਨ ਦੇ ਸੋਹਣੇ ਬਚਨ	55
23. ਚਮਤਕਾਰ	58
24. ਹਸਪਤਾਲ	60
25. ਜਿਸ ਕੰਮ ਲਈ ਤੁਸੀਂ ਜੰਮੇ ਹੋ	62
26. ਪਰਮੇਸ਼ੁਰ ਵਿੱਚ ਵਧਣਾ	64
27. ਗੁਲਾਬ ਲਾਲ ਨੇ	67
28. ਦੂਰ ਨਾ ਭੱਜੋ	70
29. ਆਪਣੇ ਭਵਿੱਖ ਤੋਂ ਨਾ ਡਰੋ	72
30. ਰੱਖਿਆ ਅਤੇ ਪ੍ਰਬੰਧ	75

ਦਿਨ 1

ਪਰਮੇਸ਼ੁਰ ਦੀ ਹਜ਼ੂਰੀ ਦਾ ਸਕੂਨ

2 ਥੱਸਲੁਨੀਕੀਆਂ 3:16 (IRV, ਅੰਸ਼)

> ਸ਼ਾਂਤੀ ਦਾ ਪ੍ਰਭੂ ਤੁਹਾਨੂੰ ਹਮੇਸ਼ਾਂ ਹਰ ਤਰ੍ਹਾਂ ਨਾਲ ਸ਼ਾਂਤੀ ਦੇਵੇ।

ਮੈਨੂੰ ਆਪਣੀ ਜ਼ਿੰਦਗੀ ਦਾ ਇੱਕ ਬਹੁਤ ਔਖਾ ਸਮਾਂ ਯਾਦ ਹੈ... ਇੱਕ ਸਮਾਂ ਜਦੋਂ ਮੈਂ ਬਹੁਤ ਰੋਂਦੀ ਸੀ... ਇੱਕ ਸਮਾਂ ਜਦੋਂ ਮੈਨੂੰ ਲੱਗਦਾ ਸੀ ਕਿ ਮੈਥੋਂ ਮਸਾਂ ਹੀ ਕੁਝ ਖਾਧਾ ਜਾਂਦਾ ਹੈ... ਇੱਕ ਸਮਾਂ ਜਦੋਂ ਮੇਰਾ ਮਨ ਹਰ ਪਾਸੇ ਦੌੜਦਾ ਰਹਿੰਦਾ ਸੀ ਅਤੇ ਮੈਂ ਚੰਗੀਆਂ ਲੱਗਣ ਵਾਲੀਆਂ ਚੀਜ਼ਾਂ ਦਾ ਵੀ ਮਜ਼ਾ ਨਹੀਂ ਲੈ ਸਕਦੀ ਸੀ।

ਉਸ ਔਖੇ ਸਮੇਂ ਵਿੱਚ, ਮੈਨੂੰ ਬਾਈਬਲ ਪੜ੍ਹ ਕੇ ਦਿਲਾਸਾ ਮਿਲਿਆ। ਜ਼ਬੂਰਾਂ ਦੀ ਪੋਥੀ ਨੇ ਤਾਂ ਮੈਨੂੰ ਡੁੱਬਣ ਤੋਂ ਬਚਾ ਲਿਆ!

ਮੈਂ ਆਪਣੇ ਕੰਪਿਊਟਰ ਕੋਲ ਬੈਠ ਕੇ ਲਿਖਦੀ ਸੀ... ਬਾਈਬਲ ਦੀਆਂ ਆਇਤਾਂ ਕਾਪੀ ਕਰਕੇ ਪੇਸਟ ਕਰਦੀ ਸੀ... ਆਪਣੇ ਵਿਚਾਰ ਲਿਖਦੀ ਸੀ... ਕਦੇ-ਕਦੇ ਤਾਂ ਕਵਿਤਾ ਵੀ ਲਿਖ ਲੈਂਦੀ ਸੀ। ਮੇਰੇ ਕੋਲ ਆਪਣੀ ਡਾਇਰੀ ਦੇ ਬਹੁਤ ਸਾਰੇ ਪੰਨੇ ਹਨ।

ਡਾਇਰੀ ਦੇ ਉਹੀ ਪੰਨੇ ਇਸ ਕਿਤਾਬਚੇ ਦੀ ਸ਼ੁਰੂਆਤ ਬਣੇ, ਜੋ ਅੱਜ ਤੁਹਾਡੇ ਹੱਥਾਂ ਵਿੱਚ ਹੈ।

ਕੁਝ ਖ਼ਾਸ ਗੀਤ ਸੁਣ ਕੇ ਵੀ ਮੈਨੂੰ ਬਹੁਤ ਸ਼ਾਂਤੀ ਮਿਲੀ। ਕੁਝ ਗੀਤ ਮੈਂ ਮਨ ਹੀ ਮਨ ਵਿੱਚ ਵਾਰ-ਵਾਰ ਗਾਉਂਦੀ ਰਹਿੰਦੀ ਸੀ। ਇੱਕ ਖ਼ਾਸ ਗੀਤ ਸੀ, *Under the Blood of Jesus* (ਯਿਸੂ ਦੇ ਲਹੂ ਦੀ ਛਾਂ ਹੇਠ), ਜਿਸ ਨੇ ਇਸ ਔਖੇ ਸਮੇਂ ਵਿੱਚੋਂ ਲੰਘਣ ਵਿੱਚ ਮੇਰੀ ਮਦਦ ਕੀਤੀ।

ਜਦੋਂ ਮੈਂ ਇਸ ਗੀਤ ਦੇ ਬੋਲ ਯਾਦ ਕਰਦੀ, ਤਾਂ ਮੈਨੂੰ ਇੰਝ ਲੱਗਦਾ ਜਿਵੇਂ ਪ੍ਰਭੂ ਦੇ ਦੂਤ ਮੈਨੂੰ ਚਾਰੇ ਪਾਸਿਓਂ ਘੇਰੀ ਖੜ੍ਹੇ ਹੋਣ।

ਮੇਰੇ ਦੋਸਤੋ, ਪਰਮੇਸ਼ੁਰ ਦੀ ਹਜ਼ੂਰੀ ਸੱਚਮੁੱਚ ਬਹੁਤ ਸ਼ਾਨਦਾਰ ਹੈ। ਡਰ, ਤਸੀਹੇ, ਫ਼ਿਕਰ ਅਤੇ ਬੇਚੈਨੀ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਟਿਕ ਨਹੀਂ ਸਕਦੇ। ਜੇ ਤੁਹਾਡੀ ਜ਼ਿੰਦਗੀ ਵਿੱਚ ਕਿਸੇ ਵੀ ਕਿਸਮ ਦੀ ਉਥਲ-ਪੁਥਲ ਚੱਲ ਰਹੀ ਹੈ, ਤਾਂ ਮੇਰੀ ਤੁਹਾਨੂੰ ਸਲਾਹ ਹੈ ਕਿ ਅਜਿਹਾ ਸੰਗੀਤ ਸੁਣਨਾ ਸ਼ੁਰੂ ਕਰੋ ਜਿਸ ਦੇ ਬੋਲ ਪਰਮੇਸ਼ੁਰ ਦੀ ਮਹਿਮਾ ਕਰਦੇ ਹਨ... ਮੇਰੀ ਤੁਹਾਨੂੰ ਸਲਾਹ ਹੈ ਕਿ ਪਰਮੇਸ਼ੁਰ ਦੀ ਉਸਤਤ ਅਤੇ ਅਰਾਧਨਾ ਕਰੋ। ਤੁਹਾਡੇ ਪੂਰੇ ਤਨ-ਮਨ ਨੂੰ ਸਕੂਨ ਮਿਲੇਗਾ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਕਿਸ ਆਇਤ ਜਾਂ ਗੀਤ ਨੇ ਔਖੇ ਸਮੇਂ ਵਿੱਚ ਤੁਹਾਨੂੰ ਦਿਲਾਸਾ ਦਿੱਤਾ ਹੈ? ਇੱਕ ਪਲ ਲਈ ਉਸ ਦੇ ਸ਼ਬਦ ਯਾਦ ਕਰੋ, ਅਤੇ ਜੋ ਕੁਝ ਤੁਹਾਡੇ ਦਿਲ ਵਿੱਚ ਹੈ, ਉਸ ਬਾਰੇ ਪਰਮੇਸ਼ੁਰ ਨਾਲ ਗੱਲ ਕਰੋ।

ਪ੍ਰਾਰਥਨਾ

ਪ੍ਰਭੂ ਜੀ, ਤੁਹਾਡੇ ਬਚਨ ਅਤੇ ਤੁਹਾਡੀ ਹਜ਼ੂਰੀ ਦੇ ਦਿਲਾਸੇ ਲਈ ਤੁਹਾਡਾ ਧੰਨਵਾਦ। ਜਿਹੜੇ ਵਿਚਾਰ ਅਤੇ ਫ਼ਿਕਰ ਮੈਨੂੰ ਪਰੇਸ਼ਾਨ ਕਰਦੇ ਹਨ, ਤੁਸੀਂ ਉਨ੍ਹਾਂ ਨੂੰ ਜਾਣਦੇ ਹੋ। ਪੜ੍ਹਦੇ, ਪ੍ਰਾਰਥਨਾ ਕਰਦੇ ਅਤੇ ਅਰਾਧਨਾ ਕਰਦੇ ਸਮੇਂ ਮੇਰੀ ਮਦਦ ਕਰੋ ਕਿ ਮੇਰਾ ਦਿਲ ਤੁਹਾਡੇ ਵੱਲ ਮੁੜੇ ਅਤੇ ਮੈਨੂੰ ਤੁਹਾਡੇ ਪਿਆਰ ਵਿੱਚ ਅਰਾਮ ਮਿਲੇ। ਆਮੀਨ।

ਮੇਰੇ ਵਿਚਾਰ

ਦਿਨ 2

ਤੁਸੀਂ ਕੀ ਲੁਕਾ ਰਹੇ ਹੋ?

ਜ਼ਬੂਰ 119:11 (IRV)

> ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾਂ ਕਰ ਲਿਆ,
> ਤਾਂ ਜੋ ਤੇਰਾ ਪਾਪ ਨਾ ਕਰਾਂ।

ਆਮ ਤੌਰ ਤੇ ਜਦੋਂ ਅਸੀਂ ਕੁਝ ਲੁਕਾਉਂਦੇ ਹਾਂ, ਤਾਂ ਉਹ ਕੋਈ ਮਾੜੀ ਚੀਜ਼ ਹੁੰਦੀ ਹੈ, ਜਿਵੇਂ ਕੋਈ ਬੁਰੀ ਆਦਤ ਜਾਂ ਕੋਈ ਨਸ਼ਾ। ਜਾਂ ਸ਼ਾਇਦ ਤੁਸੀਂ ਲੋੜ ਤੋਂ ਵੱਧ ਜੁੱਤੀਆਂ ਖਰੀਦ ਲਈਆਂ ਹਨ ਅਤੇ ਉਨ੍ਹਾਂ ਨੂੰ ਅਲਮਾਰੀ ਵਿੱਚ ਲੁਕਾ ਕੇ ਰੱਖਿਆ ਹੈ! (ਹਾ ਹਾ!)

ਪਰ ਇੱਥੇ ਜ਼ਬੂਰ 119 ਵਿੱਚ, ਜ਼ਬੂਰ ਲਿਖਣ ਵਾਲਾ ਕੋਈ ਚੰਗੀ ਚੀਜ਼ ਲੁਕਾ ਰਿਹਾ ਹੈ: ਪਰਮੇਸ਼ੁਰ ਦਾ ਬਚਨ। ਉਸ ਨੇ ਇਸ ਨੂੰ ਖ਼ਜ਼ਾਨੇ ਵਾਂਗ ਆਪਣੇ ਮਨ ਵਿੱਚ ਜਮਾਂ ਕਰ ਲਿਆ ਹੈ, ਤਾਂ ਜੋ ਉਹ ਪਾਪ ਦਾ ਟਾਕਰਾ ਕਰ ਸਕੇ ਅਤੇ ਪ੍ਰਭੂ ਦਾ ਹੁਕਮ ਮੰਨ ਕੇ ਜੀਵੇ।

ਅਸੀਂ ਉਸ ਦੇ ਬਚਨ ਨੂੰ ਆਪਣੇ ਦਿਲਾਂ ਵਿੱਚ ਇੰਝ ਸਾਂਭਦੇ ਹਾਂ: ਉਸ ਨੂੰ ਪੜ੍ਹ ਕੇ, ਉਸ ਉੱਤੇ ਧਿਆਨ ਕਰਕੇ—ਯਾਨੀ ਸਮਾਂ ਕੱਢ ਕੇ ਸੋਚਣਾ ਕਿ ਉਸ ਦਾ ਮਤਲਬ ਕੀ ਹੈ—ਅਤੇ ਉਸ ਉੱਤੇ ਅਮਲ ਕਰਕੇ।

ਸਾਨੂੰ ਕਿਵੇਂ ਪਤਾ ਲੱਗੇ ਕਿ ਸਾਡੇ ਦਿਲਾਂ ਵਿੱਚ ਕੀ ਲੁਕਿਆ ਹੋਇਆ ਹੈ? ਖ਼ੈਰ, ਆਮ ਤੌਰ ਤੇ ਜਦੋਂ ਕੋਈ ਤਣਾਅ ਵਾਲੀ ਹਾਲਤ ਆਉਂਦੀ ਹੈ, ਤਾਂ ਸਾਡੇ ਮੂੰਹ ਵਿੱਚੋਂ ਜੋ ਨਿੱਕਲਦਾ ਹੈ, ਉਸੇ ਤੋਂ ਪਤਾ ਲੱਗ ਜਾਂਦਾ ਹੈ ਕਿ ਦਿਲ ਵਿੱਚ ਕੀ ਹੈ। ਬਾਈਬਲ ਦੀ ਇੱਕ ਹੋਰ ਆਇਤ ਕਹਿੰਦੀ ਹੈ, “ਜੋ ਮਨ ਵਿੱਚ ਭਰਿਆ ਹੋਇਆ ਹੈ ਉਹੀ ਮੂੰਹ ਵਿੱਚੋਂ ਨਿੱਕਲਦਾ ਹੈ” (ਮੱਤੀ 12:34, IRV, ਅੰਸ਼)। ਜਦੋਂ ਤੁਸੀਂ ਕਿਸੇ ਲੰਮੀ ਕਤਾਰ ਵਿੱਚ ਖੜ੍ਹੇ ਹੁੰਦੇ ਹੋ, ਜਦੋਂ ਤੁਹਾਡੀ ਫ਼ਲਾਈਟ ਲੇਟ ਹੋ ਜਾਂਦੀ ਹੈ, ਜਾਂ ਜਦੋਂ ਕੋਈ ਤੁਹਾਨੂੰ ਕੋਈ ਕੌੜੀ ਗੱਲ ਕਹਿ ਦਿੰਦਾ ਹੈ, ਤਾਂ

ਤੁਹਾਡੇ ਜਵਾਬ ਤੋਂ ਪਤਾ ਲੱਗਦਾ ਹੈ ਕਿ ਤੁਹਾਡੇ ਦਿਲ ਵਿੱਚ ਕੀ ਲੁਕਿਆ ਹੋਇਆ ਹੈ—ਜੋ ਕੁਝ ਛਲਕ ਕੇ ਬਾਹਰ ਆਉਂਦਾ ਹੈ, ਉਸ ਤੋਂ।

ਅੱਜ ਮੇਰੀ ਤੁਹਾਨੂੰ ਇਹੀ ਹੱਲਾਸ਼ੇਰੀ ਹੈ ਕਿ ਤੁਹਾਡਾ ਦਿਲ ਪਰਮੇਸ਼ੁਰ ਦੇ ਦਿਲ ਨਾਲ ਮੇਲ ਖਾਵੇ। ਤੁਹਾਨੂੰ ਉਸ ਦਾ ਬਚਨ ਆਪਣੇ ਦਿਲ ਵਿੱਚ ਸਾਂਭ ਕੇ ਰੱਖਣ ਦੀ ਲੋੜ ਹੈ। ਜਦੋਂ ਯਿਸੂ ਨੇ ਬਹੁਤ ਔਖੇ ਹਾਲਾਤਾਂ ਦਾ ਸਾਹਮਣਾ ਕੀਤਾ—ਲੋਕਾਂ ਨੇ ਉਸ ਦਾ ਮਜ਼ਾਕ ਉਡਾਇਆ, ਲੋਕਾਂ ਨੇ ਉਸ ਉੱਤੇ ਥੁੱਕਿਆ—ਤਾਂ ਉਸ ਨੇ ਕਿਵੇਂ ਜਵਾਬ ਦਿੱਤਾ? ਉਸ ਨੇ ਕਿਹਾ, “ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਉਹ ਨਹੀਂ ਜਾਣਦੇ ਜੋ ਇਹ ਕੀ ਕਰਦੇ ਹਨ” (ਲੂਕਾ 23:34, IRV, ਅੰਸ਼)।

ਆਓ ਅਸੀਂ ਯਿਸੂ ਦੀ ਮਿਸਾਲ ਉੱਤੇ ਚੱਲੀਏ। ਆਓ ਉਸ ਦਾ ਬਚਨ ਬੋਲੀਏ ਅਤੇ ਉਸ ਦੇ ਬਚਨ ਨੂੰ ਆਪਣੇ ਦਿਲਾਂ ਵਿੱਚ ਸਾਂਭ ਕੇ ਰੱਖੀਏ, ਤਾਂ ਜੋ ਜਦੋਂ ਔਖਾ ਸਮਾਂ ਆਵੇ, ਤਾਂ ਸਾਡੇ ਅੰਦਰੋਂ ਛਲਕ ਕੇ ਪਰਮੇਸ਼ੁਰ ਦਾ ਪਿਆਰ ਹੀ ਬਾਹਰ ਆਵੇ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਬਾਈਬਲ ਦੀ ਕੋਈ ਇੱਕ ਆਇਤ ਚੁਣੋ, ਜਾਂ ਕੋਈ ਅਜਿਹੀ ਆਇਤ ਯਾਦ ਕਰੋ ਜੋ ਤੁਸੀਂ ਪਹਿਲਾਂ ਤੋਂ ਜਾਣਦੇ ਹੋ। ਸਮਾਂ ਕੱਢ ਕੇ ਸੋਚੋ ਕਿ ਉਸ ਦਾ ਮਤਲਬ ਕੀ ਹੈ। ਜਦੋਂ ਤੁਹਾਡੇ ਸਾਹਮਣੇ ਕੋਈ ਪਰਤਾਵਾ ਜਾਂ ਔਖੀ ਹਾਲਤ ਆਵੇ, ਤਾਂ ਤੁਸੀਂ ਉਸ ਦੀ ਸੱਚਾਈ ਨੂੰ ਦਿਲ ਵਿੱਚ ਕਿਵੇਂ ਵਸਾ ਸਕਦੇ ਹੋ ਅਤੇ ਉਸ ਉੱਤੇ ਅਮਲ ਕਿਵੇਂ ਕਰ ਸਕਦੇ ਹੋ?

ਪ੍ਰਾਰਥਨਾ

ਪ੍ਰਭੂ ਜੀ, ਤੁਹਾਡੇ ਬਚਨ ਨੂੰ ਆਪਣੇ ਦਿਲਾਂ ਵਿੱਚ ਸਾਂਭ ਕੇ ਰੱਖਣ ਵਿੱਚ ਸਾਡੀ ਮਦਦ ਕਰੋ। ਉਸ ਨੂੰ ਸਮਝਣ ਅਤੇ ਉਸ ਉੱਤੇ ਅਮਲ ਕਰਨ ਵਿੱਚ ਸਾਡੀ ਮਦਦ ਕਰੋ, ਤਾਂ ਜੋ ਅਸੀਂ ਆਪਣੀ ਜ਼ਿੰਦਗੀ ਵਿੱਚ ਪਰਤਾਵੇ ਅਤੇ ਪਾਪ ਉੱਤੇ ਜਿੱਤ ਪਾ ਸਕੀਏ। ਸਾਨੂੰ ਯਿਸੂ ਦੀ ਮਿਸਾਲ ਉੱਤੇ ਚੱਲਣਾ ਸਿਖਾਓ, ਤਾਂ ਜੋ ਅਸੀਂ ਔਖੇ ਹਾਲਾਤਾਂ ਦਾ ਜਵਾਬ ਤੁਹਾਡੇ ਪਿਆਰ ਅਤੇ ਮਾਫ਼ੀ ਨਾਲ ਦੇਈਏ। ਸਾਡੇ ਦਿਲਾਂ ਵਿੱਚੋਂ ਜੋ ਕੁਝ ਛਲਕ ਕੇ ਬਾਹਰ ਆਵੇ, ਉਸ ਵਿੱਚ ਤੁਸੀਂ ਹੀ ਦਿਖਾਈ ਦਿਓ। ਆਮੀਨ।

ਮੇਰੇ ਵਿਚਾਰ

ਦਿਨ 3

ਸ਼ਾਨਦਾਰ ਤੋਹਫ਼ੇ

ਬਾਈਬਲ ਵਿੱਚੋਂ ਪਾਠ

ਮੱਤੀ 7:9–11 (IRV)

> ਜਾਂ ਤੁਹਾਡੇ ਵਿੱਚੋਂ ਕੌਣ ਅਜਿਹਾ ਹੈ, ਕਿ ਜਦੋਂ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ ਤਾਂ ਉਹ ਉਸ ਨੂੰ ਪੱਥਰ ਦੇਵੇ? 10 ਅਤੇ ਜਦੋਂ ਮੱਛੀ ਮੰਗੇ ਤਾਂ ਉਹ ਉਸ ਨੂੰ ਸੱਪ ਦੇਵੇ? 11 ਜਦੋਂ ਤੁਸੀਂ ਬੁਰੇ ਹੋ ਕੇ, ਆਪਣਿਆਂ ਬੱਚਿਆਂ ਨੂੰ ਚੰਗੀਆਂ ਚੀਜ਼ਾਂ ਦੇਣੀਆਂ ਜਾਣਦੇ ਹੋ ਤਾਂ ਤੁਹਾਡਾ ਸਵਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਕਿੰਨੀਆਂ ਵਧੇਰੇ ਚੰਗੀਆਂ ਵਸਤੂਆਂ ਕਿਉਂ ਨਾ ਦੇਵੇਗਾ?

ਜਦੋਂ ਮੈਂ ਛੋਟੀ ਜਿਹੀ ਕੁੜੀ ਸੀ, ਇੱਕ ਦਿਨ ਸਕੂਲ ਵਿੱਚ ਸਪੀਕਰ ਉੱਤੇ ਐਲਾਨ ਹੋਇਆ ਕਿ ਕੁਝ ਕਤੂਰੇ ਮੁਫ਼ਤ ਮਿਲ ਰਹੇ ਹਨ। ਪਾਪਾ ਅਤੇ ਮੈਂ ਪਹਿਲਾਂ ਹੀ ਕਤੂਰਾ ਲੈਣ ਬਾਰੇ ਗੱਲ ਕਰ ਚੁੱਕੇ ਸੀ। ਉਸ ਦਿਨ ਜਦੋਂ ਮੈਂ ਘਰ ਗਈ, ਮੈਨੂੰ ਪੱਕਾ ਯਕੀਨ ਸੀ ਕਿ ਅਸੀਂ ਕੁੱਤਾ ਲੈ ਕੇ ਆਵਾਂਗੇ! ਮੈਂ ਬੱਸ ਪਾਪਾ ਨੂੰ ਕਤੂਰਿਆਂ ਬਾਰੇ ਦੱਸਿਆ ਅਤੇ ਅਸੀਂ ਜਾ ਕੇ ਇੱਕ ਪਸੰਦ ਕਰ ਲਿਆ। ਜਿੱਥੋਂ ਤੱਕ ਮੈਨੂੰ ਯਾਦ ਹੈ, ਮੈਨੂੰ ਕਤੂਰੇ ਲਈ ਉਨ੍ਹਾਂ ਦੀਆਂ ਮਿੰਨਤਾਂ ਨਹੀਂ ਕਰਨੀਆਂ ਪਈਆਂ... ਮੈਨੂੰ ਰੋਣਾ ਜਾਂ ਤਰਲੇ ਨਹੀਂ ਕਰਨੇ ਪਏ... ਮੈਨੂੰ ਪਤਾ ਸੀ ਕਿ ਪਾਪਾ ਮੈਨੂੰ ਕਤੂਰਾ ਲੈ ਕੇ ਦੇਣ ਲਈ ਰਾਜ਼ੀ ਵੀ ਸਨ ਅਤੇ ਲੈ ਕੇ ਦੇ ਵੀ ਸਕਦੇ ਸਨ। ਅਤੇ ਉਨ੍ਹਾਂ ਨੇ ਬਿਲਕੁਲ ਇਹੀ ਕੀਤਾ।

ਮੈਨੂੰ ਇੱਕ ਹੋਰ ਵਾਰ ਯਾਦ ਹੈ, ਜਦੋਂ ਮੈਂ ਅੱਲ੍ਹੜ ਉਮਰ ਦੀ ਸੀ, ਪਾਪਾ ਅਤੇ ਮੈਂ ਇੱਕ ਦੁਕਾਨ ਵਿੱਚ ਗਏ। ਮੈਂ ਇੱਕ ਸੋਹਣਾ ਹਰਾ ਕੋਟ ਪਾ ਕੇ ਦੇਖਿਆ। ਉਹ ਕਾਫ਼ੀ ਮਹਿੰਗਾ ਸੀ, ਪਰ ਮੇਰੇ ਪਿਤਾ ਜੀ ਨੂੰ ਉਹ ਮੇਰੇ ਉੱਤੇ ਬਹੁਤ ਸੋਹਣਾ ਲੱਗਿਆ। ਅਤੇ ਪਤਾ ਹੈ ਕੀ ਹੋਇਆ? ਉਸ ਦਿਨ ਅਸੀਂ ਕੋਟ ਲੈ ਕੇ ਹੀ ਦੁਕਾਨ ਤੋਂ ਬਾਹਰ ਆਏ!

ਜੇ ਮੇਰੇ ਪਿਤਾ ਜੀ ਨੂੰ ਮੈਨੂੰ ਸ਼ਾਨਦਾਰ ਤੋਹਫ਼ੇ ਦੇਣਾ ਇੰਨਾ ਚੰਗਾ ਲੱਗਦਾ ਸੀ, ਤਾਂ ਸਾਡਾ ਸਵਰਗੀ ਪਿਤਾ ਆਪਣੇ ਬੱਚਿਆਂ ਨੂੰ ਸ਼ਾਨਦਾਰ ਤੋਹਫ਼ੇ ਦੇਣਾ ਕਿੰਨਾ ਜ਼ਿਆਦਾ ਚਾਹੁੰਦਾ ਹੈ!

ਸਾਡਾ ਸਵਰਗੀ ਪਿਤਾ ਜਾਣਦਾ ਹੈ ਕਿ ਆਪਣੇ ਬੱਚਿਆਂ ਨੂੰ ਸ਼ਾਨਦਾਰ ਤੋਹਫ਼ੇ ਕਿਵੇਂ ਦੇਣੇ ਹਨ। ਮੈਨੂੰ ਲੱਗਦਾ ਹੈ ਕਿ ਕੁਝ ਲੋਕਾਂ ਦੇ ਮਨ ਵਿੱਚ ਪਰਮੇਸ਼ੁਰ ਬਾਰੇ ਗ਼ਲਤ ਧਾਰਨਾ ਹੈ। ਉਹ ਸ਼ਾਇਦ ਸੋਚਦੇ ਹਨ ਕਿ ਪਰਮੇਸ਼ੁਰ ਸਾਰਾ ਮਜ਼ਾ ਕਿਰਕਿਰਾ ਕਰਨਾ ਚਾਹੁੰਦਾ ਹੈ। ਜੋ ਮੈਂ ਸੁਣਿਆ ਹੈ, ਪਰਮੇਸ਼ੁਰ ਤੋਂ ਬਿਨਾਂ ਲੋਕ ਅਕਸਰ ਆਪਣੇ ਆਪ ਨੂੰ ਵੱਡੀ ਮੁਸੀਬਤ ਵਿੱਚ ਫਸਾ ਲੈਂਦੇ ਹਨ। ਮੇਰਾ ਵਿਸ਼ਵਾਸ ਹੈ ਕਿ ਪਰਮੇਸ਼ੁਰ ਲੋਕਾਂ ਨੂੰ ਬਹੁਤ ਸਾਰੇ ਦਰਦ, ਦਿਲ ਦੇ ਦੁੱਖ ਅਤੇ ਗ਼ਮ ਤੋਂ ਬਚਾਉਣਾ ਚਾਹੁੰਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਉਹ ਕਰੋ ਜਿਸ ਲਈ ਤੁਸੀਂ ਜੰਮੇ ਹੋ! ਉਹ ਤੁਹਾਨੂੰ ਅਜ਼ਾਦ ਕਰਨਾ ਚਾਹੁੰਦਾ ਹੈ, ਤਾਂ ਜੋ ਤੁਸੀਂ ਉਹ ਬਣੋ ਜੋ ਬਣਨ ਲਈ ਉਸ ਨੇ ਤੁਹਾਨੂੰ ਸੱਦਿਆ ਹੈ! ਤੁਹਾਡੀ ਜ਼ਿੰਦਗੀ ਵਿੱਚ ਆਪਣੇ ਮਕਸਦ ਪੂਰੇ ਕਰਨ ਲਈ ਜੋ ਕੁਝ ਤੁਹਾਨੂੰ ਚਾਹੀਦਾ ਹੈ, ਉਹ ਤੁਹਾਨੂੰ ਦੇਵੇਗਾ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਆਪਣੇ ਸਵਰਗੀ ਪਿਤਾ ਦੀ ਭਲਾਈ ਨੂੰ ਯਾਦ ਕਰਨ ਨਾਲ, ਆਪਣੀਆਂ ਲੋੜਾਂ ਉਸ ਕੋਲ ਲਿਆਉਣ ਦੇ ਤੁਹਾਡੇ ਤਰੀਕੇ ਵਿੱਚ ਕੀ ਫ਼ਰਕ ਪੈਂਦਾ ਹੈ?

ਪ੍ਰਾਰਥਨਾ

ਸਵਰਗੀ ਪਿਤਾ, ਮੈਨੂੰ ਪਿਆਰ ਕਰਨ ਅਤੇ ਮੇਰੀਆਂ ਲੋੜਾਂ ਜਾਣਨ ਲਈ ਤੁਹਾਡਾ ਧੰਨਵਾਦ। ਤੁਹਾਡੀ ਭਲਾਈ ਉੱਤੇ ਭਰੋਸਾ ਰੱਖਣ ਅਤੇ ਪੂਰੇ ਹੌਸਲੇ ਨਾਲ ਆਪਣੀਆਂ ਬੇਨਤੀਆਂ ਤੁਹਾਡੇ ਕੋਲ ਲਿਆਉਣ ਵਿੱਚ ਮੇਰੀ ਮਦਦ ਕਰੋ। ਜਿਸ ਕੰਮ ਲਈ ਤੁਸੀਂ ਮੈਨੂੰ ਸੱਦਿਆ ਹੈ, ਉਸ ਨੂੰ ਕਰਨ ਲਈ ਜੋ ਕੁਝ ਮੈਨੂੰ ਚਾਹੀਦਾ ਹੈ, ਉਹ ਮੈਨੂੰ ਦਿਓ। ਆਮੀਨ।

ਮੇਰੇ ਵਿਚਾਰ

ਦਿਨ 4

ਉਹ ਤੁਹਾਨੂੰ ਕਦੇ ਨਹੀਂ ਤਿਆਗੇਗਾ

ਬਾਈਬਲ ਵਿੱਚੋਂ ਪਾਠ

ਇਬਰਾਨੀਆਂ 13:5 (IRV)

> ਤੁਹਾਡਾ ਜੀਵਨ ਮਾਇਆ ਦੇ ਲੋਭ ਤੋਂ ਦੂਰ ਰਹੇ। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ ਸਬਰ ਕਰੋ ਕਿਉਂ ਜੋ ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।

ਜਦੋਂ ਮੈਂ ਛੋਟੀ ਜਿਹੀ ਸੀ, ਮੇਰੇ ਪਿਤਾ ਜੀ ਮੈਨੂੰ ਪਾਰਕ ਵਿੱਚ ਖੇਡਣ ਲੈ ਜਾਂਦੇ ਸਨ। ਮੈਨੂੰ ਝੂਲੇ ਝੂਲਣਾ ਬਹੁਤ ਪਸੰਦ ਸੀ! ਅਸੀਂ ਕੁਝ ਦੇਰ ਉੱਥੇ ਰਹਿੰਦੇ, ਪਰ ਆਖ਼ਰ ਉਹ ਵੇਲਾ ਆ ਜਾਂਦਾ ਜਦੋਂ ਪਾਪਾ ਕਹਿੰਦੇ ਕਿ ਹੁਣ ਘਰ ਚੱਲਣਾ ਹੈ।

ਮੇਰਾ ਘਰ ਜਾਣ ਨੂੰ ਜੀਅ ਨਹੀਂ ਕਰਦਾ ਸੀ।

ਮੇਰੇ ਪਿਤਾ ਜੀ ਮੇਰੇ ਨਾਲ ਇੱਕ ਸ਼ਰਾਰਤ ਕਰਦੇ – ਉਹ ਲੁਕ ਜਾਂਦੇ। ਜਦੋਂ ਮੇਰੀਆਂ ਅੱਖਾਂ ਸਾਰੇ ਪਾਰਕ ਵਿੱਚ ਲੱਭਦੀਆਂ, ਮੈਨੂੰ ਪਿਤਾ ਜੀ ਕਿਤੇ ਵੀ ਨਜ਼ਰ ਨਾ ਆਉਂਦੇ। ਘਬਰਾਹਟ! ਮੈਂ ਪੂਰੀ ਰਫ਼ਤਾਰ ਨਾਲ ਘਰ ਵੱਲ ਭੱਜ ਪੈਂਦੀ।

ਫਿਰ ਪਿਤਾ ਜੀ ਆਪਣੀ ਲੁਕਣ ਵਾਲੀ ਥਾਂ ਤੋਂ ਬਾਹਰ ਆਉਂਦੇ ਅਤੇ ਮੈਨੂੰ ਦਿਖਾਈ ਦੇ ਜਾਂਦੇ। ਸ਼ੁਕਰ ਹੈ! ਉਹ ਅਜੇ ਵੀ ਉੱਥੇ ਹੀ ਸਨ। ਦੱਸੋ ਫਿਰ ਮੈਂ ਕੀ ਕਰਦੀ? ਮੈਂ ਸਿੱਧੀ ਭੱਜ ਕੇ ਫਿਰ ਪਾਰਕ ਵਿੱਚ ਚਲੀ ਜਾਂਦੀ!

ਜਦੋਂ ਮੈਂ ਆਪਣੀ ਜ਼ਿੰਦਗੀ ਦੀ ਇਸ ਗੱਲ ਬਾਰੇ ਸੋਚਦੀ ਹਾਂ, ਤਾਂ ਮੈਨੂੰ ਖ਼ਿਆਲ ਆਉਂਦਾ ਹੈ ਕਿ ਭਾਵੇਂ ਸਾਨੂੰ ਇਕੱਲਾਪਣ ਮਹਿਸੂਸ ਹੋਵੇ, ਪਰਮੇਸ਼ੁਰ ਸਾਨੂੰ ਕਦੇ ਨਹੀਂ ਛੱਡੇਗਾ, ਨਾ ਕਦੇ ਤਿਆਗੇਗਾ।

ਅੱਜ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਦੁਨਿਆਵੀ ਪਿਤਾਵਾਂ ਨੇ ਛੱਡ ਦਿੱਤਾ ਹੈ। ਜਦੋਂ ਉਨ੍ਹਾਂ ਦਾ ਵਾਹ ਸਵਰਗੀ ਪਿਤਾ ਨਾਲ ਪੈਂਦਾ ਹੈ, ਤਾਂ ਉਨ੍ਹਾਂ ਨੂੰ ਔਖਾ ਲੱਗਦਾ ਹੈ, ਕਿਉਂਕਿ ਉਹ ਡਰਦੇ ਹਨ ਕਿ ਉਹ ਵੀ ਉਨ੍ਹਾਂ ਨੂੰ ਛੱਡ ਜਾਵੇਗਾ।

ਅਸੀਂ ਪੂਰਾ ਯਕੀਨ ਰੱਖ ਸਕਦੇ ਹਾਂ ਕਿ ਪਰਮੇਸ਼ੁਰ ਹਮੇਸ਼ਾ ਸਾਡੇ ਨਾਲ ਹੈ ਅਤੇ ਉਹ ਸਾਨੂੰ ਕਦੇ ਨਹੀਂ ਛੱਡੇਗਾ। ਅਸੀਂ ਕਦੇ ਵੀ ਬਿਨ ਪਿਤਾ ਦੇ ਨਹੀਂ ਹੋਵਾਂਗੇ। ਭਾਵੇਂ ਸਾਡੇ ਮਾਪਿਆਂ ਨੇ ਸਾਨੂੰ ਛੱਡ ਦਿੱਤਾ ਹੋਵੇ, ਪਰਮੇਸ਼ੁਰ ਹਮੇਸ਼ਾ ਸਾਡੇ ਨੇੜੇ ਹੈ।

ਜ਼ਬੂਰ 27:10 ਇੱਕ ਸੋਹਣੀ ਆਇਤ ਹੈ ਜੋ ਪਿਤਾ ਪਰਮੇਸ਼ੁਰ ਦਾ ਦਿਲ ਦਿਖਾਉਂਦੀ ਹੈ:

> ਜਦ ਮੇਰੇ ਮਾਤਾ-ਪਿਤਾ ਮੈਨੂੰ ਤਿਆਗ ਦੇਣ, ਤਦ ਯਹੋਵਾਹ ਮੈਨੂੰ ਸੰਭਾਲੇਗਾ।

ਜ਼ਬੂਰ 27:10 (IRV)

ਇਹ ਉਨ੍ਹਾਂ ਲਈ ਵੱਡਾ ਦਿਲਾਸਾ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਮਾਂ ਜਾਂ ਪਿਓ ਨੇ ਠੁਕਰਾ ਦਿੱਤਾ ਹੈ।

ਜਦੋਂ ਮੈਂ ਸੋਚਦੀ ਹਾਂ ਕਿ ਪਿਤਾ ਜੀ ਨੂੰ ਲੁਕਣ ਵਾਲੀ ਥਾਂ ਤੋਂ ਬਾਹਰ ਆਉਂਦੇ ਦੇਖ ਕੇ ਮੈਂ ਕੀ ਕਰਦੀ ਸੀ, ਤਾਂ ਮੈਨੂੰ ਹਾਸਾ ਆ ਜਾਂਦਾ ਹੈ। ਮੈਂ ਸਿੱਧੀ ਭੱਜ ਕੇ ਫਿਰ ਪਾਰਕ ਵਿੱਚ ਚਲੀ ਜਾਂਦੀ! ਕੀ ਅਸੀਂ ਪਰਮੇਸ਼ੁਰ ਨਾਲ ਵੀ ਬਿਲਕੁਲ ਇੰਝ ਹੀ ਨਹੀਂ ਕਰਦੇ? ਉਹ ਚਾਹੁੰਦਾ ਹੈ ਕਿ ਅਸੀਂ ਉਸ ਦੇ ਪਿੱਛੇ ਚੱਲੀਏ, ਪਰ ਅਸੀਂ ਆਪਣੀ ਮਰਜ਼ੀ ਦੇ ਰਾਹ ਜਾਣਾ ਚਾਹੁੰਦੇ ਹਾਂ। ਪਰਮੇਸ਼ੁਰ ਦਾ ਸ਼ੁਕਰ ਹੈ ਕਿ ਉਹ ਸਾਡੇ ਤੋਂ ਹਾਰ ਨਹੀਂ ਮੰਨਦਾ! ਜਿਵੇਂ ਮੇਰੇ ਪਿਤਾ ਜੀ ਉੱਥੇ ਹੀ ਮੇਰੀ ਉਡੀਕ ਕਰ ਰਹੇ ਸਨ, ਉਸੇ ਤਰ੍ਹਾਂ ਸਵਰਗੀ ਪਿਤਾ ਸਾਡੀ ਉਡੀਕ ਕਰਦਾ ਹੈ।

ਮੈਨੂੰ ਵਾਰ-ਵਾਰ ਗੁਆਚੇ ਹੋਏ ਪੁੱਤਰ ਦਾ ਦ੍ਰਿਸ਼ਟਾਂਤ (ਲੂਕਾ 15) ਯਾਦ ਆਉਂਦਾ ਹੈ। ਇਸ ਪੁੱਤਰ ਨੇ ਆਪਣੇ ਹਿੱਸੇ ਦੀ ਸਾਰੀ ਜਾਇਦਾਦ ਉਡਾ ਦਿੱਤੀ ਸੀ, ਅਤੇ ਫਿਰ ਉਸ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਆਪਣੇ ਪਿਤਾ ਦੇ ਘਰ ਵਾਪਸ ਜਾਣਾ ਚਾਹੀਦਾ ਹੈ।

> ਪਰ ਉਹ ਅਜੇ ਦੂਰ ਹੀ ਸੀ ਕਿ ਉਹ ਦੇ ਪਿਤਾ ਨੇ ਉਸ ਨੂੰ ਵੇਖਿਆ

ਲੂਕਾ 15:20 (IRV, ਅੰਸ਼)

ਉਸ ਦਾ ਪਿਤਾ ਆਪਣੇ ਲਾਡਲੇ ਪੁੱਤਰ ਦੇ ਘਰ ਮੁੜਨ ਦੀ ਉਡੀਕ ਕਰ ਰਿਹਾ ਸੀ ਅਤੇ ਉਸ ਦਾ ਰਾਹ ਤੱਕ ਰਿਹਾ ਸੀ!

ਮਸੀਹੀ ਹੋਣ ਦੇ ਨਾਤੇ, ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਸਾਡਾ ਸਵਰਗੀ ਪਿਤਾ ਸੱਚਮੁੱਚ ਕਿੰਨਾ ਪਿਆਰ ਕਰਨ ਵਾਲਾ, ਕਿਰਪਾਲੂ, ਦਿਆਲੂ ਅਤੇ ਤਰਸਵਾਨ ਹੈ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਤੁਹਾਨੂੰ ਕਦੋਂ ਇਕੱਲਾਪਣ ਮਹਿਸੂਸ ਹੋਇਆ ਹੈ? ਪਰਮੇਸ਼ੁਰ ਦਾ ਇਹ ਵਾਅਦਾ ਕਿ ਉਹ ਤੁਹਾਨੂੰ ਕਦੇ ਨਹੀਂ ਤਿਆਗੇਗਾ, ਤੁਹਾਨੂੰ ਉਸ ਉੱਤੇ ਭਰੋਸਾ ਰੱਖਣ ਦਾ ਹੌਸਲਾ ਕਿਵੇਂ ਦਿੰਦਾ ਹੈ?

ਪ੍ਰਾਰਥਨਾ

ਪਿਤਾ ਜੀ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਕਦੇ ਨਹੀਂ ਛੱਡੋਗੇ, ਨਾ ਕਦੇ ਤਿਆਗੋਗੇ। ਜਦੋਂ ਮੈਨੂੰ ਇਕੱਲਾਪਣ ਲੱਗੇ, ਤਦ ਵੀ ਤੁਹਾਡੇ ਪਿਆਰ ਉੱਤੇ ਭਰੋਸਾ ਰੱਖਣ ਵਿੱਚ ਮੇਰੀ ਮਦਦ ਕਰੋ। ਮੈਨੂੰ ਆਪਣੇ ਨੇੜੇ ਖਿੱਚੋ, ਅਤੇ ਮੈਨੂੰ ਅਜਿਹਾ ਦਿਲ ਦਿਓ ਜੋ ਖ਼ੁਸ਼ੀ ਨਾਲ ਉੱਥੇ ਚੱਲੇ ਜਿੱਥੇ ਤੁਸੀਂ ਲੈ ਕੇ ਜਾਓ। ਆਮੀਨ।

ਮੇਰੇ ਵਿਚਾਰ

ਦਿਨ 5

ਆਪਣਾ ਭਾਰ ਉਸ ਨੂੰ ਚੁੱਕਣ ਦਿਓ

ਬਾਈਬਲ ਵਿੱਚੋਂ ਪਾਠ

ਮੱਤੀ 11:28–30 (IRV)

> ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। 29 ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੇਰੇ ਕੋਲੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗਰੀਬ ਹਾਂ ਅਤੇ ਤੁਸੀਂ ਆਪਣੀਆਂ ਜ਼ਿੰਦਗੀਆਂ ਵਿੱਚ ਅਰਾਮ ਪਾਓਗੇ। 30 ਕਿਉਂਕਿ ਮੇਰਾ ਜੂਲਾ ਸੁਖਾਲਾ ਅਤੇ ਮੇਰਾ ਭਾਰ ਹਲਕਾ ਹੈ।

Newfoundland ਵਿੱਚ ਇਹ ਕੋਈ ਅਨੋਖੀ ਗੱਲ ਨਹੀਂ ਕਿ ਸਵੇਰੇ ਉੱਠੋ ਤਾਂ ਘਰ ਦੇ ਡਰਾਈਵਵੇਅ ਵਿੱਚ ਢੇਰ ਸਾਰੀ ਬਰਫ਼ ਪਈ ਹੋਵੇ। ਮੈਨੂੰ ਇੱਕ ਵਾਰ ਯਾਦ ਹੈ ਜਦੋਂ ਸਾਡੀ ਬਰਫ਼ ਹਟਾਉਣ ਵਾਲੀ ਮਸ਼ੀਨ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ ਸੀ। ਸਿਰਫ਼ ਇੱਕ ਬੇਲਚੇ ਨਾਲ ਉਹ ਸਾਰੀ ਬਰਫ਼ ਹਟਾਉਣੀ ਬੜੀ ਔਖੀ ਹੋਣੀ ਸੀ! ਫਿਰ ਸਾਡਾ ਗੁਆਂਢੀ ਆਪਣਾ ਵੱਡਾ ਸਾਰਾ ਟਰੈਕਟਰ ਲੈ ਕੇ ਆਇਆ ਅਤੇ ਸਾਰਾ ਡਰਾਈਵਵੇਅ ਸਾਫ਼ ਕਰ ਦਿੱਤਾ।

ਮੈਨੂੰ ਲੱਗਦਾ ਹੈ ਕਿ ਇਹ ਪਰਮੇਸ਼ੁਰ ਦੇ ਸੁਭਾਅ ਦੀ ਬਹੁਤ ਵਧੀਆ ਮਿਸਾਲ ਹੈ... ਉਹ ਸਾਡੇ ਰਾਹ ਸਾਫ਼ ਕਰਨ ਵਿੱਚ ਬਹੁਤ ਮਾਹਰ ਹੈ... ਉਹ ਖੁਰਦਰੀਆਂ ਥਾਵਾਂ ਨੂੰ ਪੱਧਰਾ ਅਤੇ ਟੇਢੀਆਂ ਥਾਵਾਂ ਨੂੰ ਸਿੱਧਾ ਕਰਦਾ ਹੈ।

ਸਾਡੇ ਵਿੱਚੋਂ ਕੁਝ ਅਜੇ ਵੀ ਬਾਹਰ ਆਪਣੇ ਛੋਟੇ ਜਿਹੇ ਬੇਲਚੇ ਨਾਲ ਸਾਰਾ ਕੁਝ ਆਪਣੇ ਬਲਬੂਤੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਪਣਾ ਭਾਰ ਉਸ ਨੂੰ ਚੁੱਕਣ ਦਿਓ। ਬੋਝ ਉਸ ਨੂੰ ਸੰਭਾਲਣ ਦਿਓ। ਰਾਹ ਉਸ ਨੂੰ ਸਾਫ਼ ਕਰਨ ਦਿਓ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਤੁਸੀਂ ਆਪਣੇ “ਛੋਟੇ ਜਿਹੇ ਬੇਲਚੇ” ਨਾਲ ਕਿਹੜਾ ਭਾਰ ਚੁੱਕਣ ਦੀ ਕੋਸ਼ਿਸ਼ ਕਰ ਰਹੇ ਹੋ? ਇੱਕ ਪਲ ਲਈ ਉਸ ਦਾ ਨਾਮ ਲਓ ਅਤੇ ਉਸ ਨੂੰ ਯਿਸੂ ਕੋਲ ਲੈ ਆਓ।

ਪ੍ਰਾਰਥਨਾ

ਯਿਸੂ, ਤੁਹਾਡਾ ਧੰਨਵਾਦ ਕਿ ਜਦੋਂ ਮੈਂ ਥੱਕ ਜਾਵਾਂ ਤਾਂ ਤੁਸੀਂ ਮੈਨੂੰ ਆਪਣੇ ਕੋਲ ਸੱਦਦੇ ਹੋ। ਜੋ ਭਾਰ ਮੇਰੇ ਉੱਤੇ ਹੈ, ਤੁਸੀਂ ਉਸ ਨੂੰ ਜਾਣਦੇ ਹੋ। ਉਸ ਨੂੰ ਤੁਹਾਡੇ ਕੋਲ ਲਿਆਉਣ, ਤੁਹਾਡੀ ਮਦਦ ਕਬੂਲ ਕਰਨ ਅਤੇ ਤੁਹਾਡੇ ਤੋਂ ਸਿੱਖਣ ਵਿੱਚ ਮੇਰੀ ਮਦਦ ਕਰੋ। ਅਗਲਾ ਕਦਮ ਚੁੱਕਦੇ ਸਮੇਂ ਮੈਨੂੰ ਤੁਹਾਡੀ ਦੇਖਭਾਲ ਵਿੱਚ ਅਰਾਮ ਕਰਨਾ ਸਿਖਾਓ। ਆਮੀਨ।

ਮੇਰੇ ਵਿਚਾਰ

ਦਿਨ 6

ਮੇਰਾ ਦਿਲਾਸਾ ਦੇਣ ਵਾਲਾ

ਇਹ ਬਾਈਬਲ ਦੀ ਇੱਕ ਦਿਲਾਸਾ ਦੇਣ ਵਾਲੀ ਆਇਤ ਹੈ:

ਯਸਾਯਾਹ 51:11 (IRV)

> 11 ਯਹੋਵਾਹ ਦੇ ਮੁੱਲ ਨਾਲ ਛੁਡਾਏ ਹੋਏ ਮੁੜ ਆਉਣਗੇ, ਅਤੇ ਜੈਕਾਰਿਆਂ ਨਾਲ ਸੀਯੋਨ ਵਿੱਚ ਆਉਣਗੇ, ਸਦੀਪਕ ਅਨੰਦ ਉਹਨਾਂ ਦੇ ਸਿਰਾਂ ਉੱਤੇ ਹੋਵੇਗਾ, ਉਹ ਖੁਸ਼ੀ ਅਤੇ ਅਨੰਦ ਪਰਾਪਤ ਕਰਨਗੇ, ਸੋਗ ਅਤੇ ਹਾਉਂਕੇ ਲੈਣ ਦਾ ਅੰਤ ਹੋ ਜਾਵੇਗਾ।

ਜਦੋਂ ਮੈਂ ਕੁੜੀ ਸੀ, ਮੇਰੀ ਦਾਦੀ White (ਪਾਪਾ ਦੀ ਮਾਂ) ਨੇ ਮੇਰੇ ਲਈ ਇੱਕ ਰਜਾਈ ਬਣਾਈ। ਅੰਗਰੇਜ਼ੀ ਵਿੱਚ ਅਜਿਹੀ ਰਜਾਈ ਨੂੰ “comforter” ਕਹਿੰਦੇ ਹਨ—ਯਾਨੀ “ਦਿਲਾਸਾ ਦੇਣ ਵਾਲੀ”। ਉਸ ਉੱਤੇ ਨਰਮ ਫਲਾਲੈਨ ਦਾ ਕੱਪੜਾ ਸੀ ਅਤੇ ਅੰਦਰ ਉੱਨ ਭਰੀ ਹੋਈ ਸੀ। ਸਿਆਲਾਂ ਦੀ ਕੜਾਕੇ ਦੀ ਠੰਢ ਵਿੱਚ, ਮੈਂ ਇਹ ਰਜਾਈ ਲੈ ਕੇ ਨਿੱਘੀ ਹੋ ਜਾਂਦੀ... ਸਗੋਂ ਬੜੀ ਮਜ਼ੇ ਨਾਲ ਦੁਬਕ ਜਾਂਦੀ।

ਯਿਸੂ ਪਵਿੱਤਰ ਆਤਮਾ ਨੂੰ ਸਾਡਾ ਸਹਾਇਕ ਕਹਿੰਦਾ ਹੈ—ਸਾਨੂੰ ਦਿਲਾਸਾ ਦੇਣ ਵਾਲਾ।

> ਪਰ ਸਹਾਇਕ ਪਵਿੱਤਰ ਆਤਮਾ ਹੈ, ਜਿਸ ਨੂੰ ਪਿਤਾ, ਮੇਰੇ ਨਾਮ ਵਿੱਚ ਭੇਜੇਗਾ। ਉਹ ਤੁਹਾਨੂੰ ਸਭ ਕੁਝ ਸਿਖਾਵੇਗਾ ਅਤੇ ਉਹ ਤੁਹਾਨੂੰ ਉਹ ਸਭ ਯਾਦ ਕਰਾਵੇਗਾ, ਜੋ ਕੁਝ ਮੈਂ ਤੁਹਾਨੂੰ ਕਿਹਾ ਹੈ।”

ਯੂਹੰਨਾ 14:26 (IRV)

ਹੁਣ ਮੇਰਾ ਦਿਲਾਸਾ ਦੇਣ ਵਾਲਾ ਰਜਾਈ ਵਾਂਗ ਮੈਨੂੰ ਲਪੇਟੀ ਰੱਖਦਾ ਹੈ। ਉਹ ਮੇਰੇ ਅੰਦਰ ਵੱਸਦਾ ਹੈ। ਪਵਿੱਤਰ ਆਤਮਾ ਮੇਰਾ ਸਹਾਇਕ ਅਤੇ ਦਿਲਾਸਾ ਦੇਣ ਵਾਲਾ ਹੈ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਅੱਜ ਤੁਹਾਨੂੰ ਕਿੱਥੇ ਦਿਲਾਸੇ ਦੀ ਲੋੜ ਹੈ? ਖ਼ੁਸ਼ੀ ਅਤੇ ਅਨੰਦ ਦੇ ਇਸ ਵਾਅਦੇ ਵਿੱਚ ਤੁਹਾਨੂੰ ਕਿਹੜੀ ਆਸ ਮਿਲਦੀ ਹੈ?

ਪ੍ਰਾਰਥਨਾ

ਪਵਿੱਤਰ ਆਤਮਾ, ਮੇਰਾ ਸਹਾਇਕ ਅਤੇ ਦਿਲਾਸਾ ਦੇਣ ਵਾਲਾ ਹੋਣ ਲਈ ਤੁਹਾਡਾ ਧੰਨਵਾਦ। ਜੋ ਉਦਾਸੀ ਅਤੇ ਬੋਝ ਮੇਰੇ ਉੱਤੇ ਹਨ, ਤੁਸੀਂ ਉਨ੍ਹਾਂ ਨੂੰ ਜਾਣਦੇ ਹੋ। ਤੁਹਾਡਾ ਦਿਲਾਸਾ ਕਬੂਲ ਕਰਨ ਅਤੇ ਤੁਹਾਡੀ ਦਿੱਤੀ ਆਸ ਨੂੰ ਘੁੱਟ ਕੇ ਫੜੀ ਰੱਖਣ ਵਿੱਚ ਮੇਰੀ ਮਦਦ ਕਰੋ। ਮੈਂ ਵੀ ਤੁਹਾਡੀ ਦਇਆ ਕਿਸੇ ਅਜਿਹੇ ਵਿਅਕਤੀ ਨਾਲ ਸਾਂਝੀ ਕਰਾਂ ਜਿਸ ਨੂੰ ਹੌਸਲੇ ਦੀ ਲੋੜ ਹੈ। ਆਮੀਨ।

ਮੇਰੇ ਵਿਚਾਰ

ਦਿਨ 7

ਪਰਮੇਸ਼ੁਰ ਸਾਡੀ ਰਾਖੀ ਕਰਦਾ ਹੈ

ਬਾਈਬਲ ਵਿੱਚੋਂ ਪਾਠ

ਜ਼ਬੂਰ 121:7–8 (IRV)

> 7 ਯਹੋਵਾਹ ਸਾਰੀ ਬਦੀ ਤੋਂ ਤੇਰੀ ਰੱਖਿਆ ਕਰੇਗਾ, ਉਹ ਤੇਰੀ ਜਾਨ ਦੀ ਰਾਖੀ ਕਰੇਗਾ।
> 8 ਯਹੋਵਾਹ ਤੇਰੇ ਅੰਦਰ-ਬਾਹਰ ਆਉਣ ਜਾਣ ਵਿੱਚ ਹੁਣ ਤੋਂ ਲੈ ਕੇ ਸਦੀਪਕ ਕਾਲ ਤੱਕ ਰੱਖਿਆ ਕਰੇਗਾ!

ਮਾਪੇ ਹੋਣ ਦੇ ਨਾਤੇ, ਕਈ ਵਾਰ ਸਾਨੂੰ ਕਿਸੇ ਦੀ ਲੋੜ ਪੈਂਦੀ ਹੈ ਜੋ ਸਾਡੇ ਬੱਚਿਆਂ ਦੀ ਦੇਖਭਾਲ ਕਰੇ। ਅਸੀਂ ਕੋਈ ਅਜਿਹਾ ਚਾਹੁੰਦੇ ਹਾਂ ਜਿਸ ਉੱਤੇ ਅਸੀਂ ਭਰੋਸਾ ਕਰ ਸਕੀਏ—ਕੋਈ ਜੋ ਉਨ੍ਹਾਂ ਦੀਆਂ ਲੋੜਾਂ ਵੱਲ ਧਿਆਨ ਦੇਵੇ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖੇ। ਇਹ ਜਾਣ ਕੇ ਸਾਨੂੰ ਸ਼ਾਂਤੀ ਮਿਲਦੀ ਹੈ ਕਿ ਸਾਡੇ ਬੱਚੇ ਚੰਗੇ ਹੱਥਾਂ ਵਿੱਚ ਹਨ।

ਕੀ ਇਹ ਜਾਣਨਾ ਸ਼ਾਨਦਾਰ ਨਹੀਂ ਕਿ ਸਾਰੇ ਬ੍ਰਹਿਮੰਡ ਦਾ ਪਰਮੇਸ਼ੁਰ ਸਾਡੀ, ਆਪਣੇ ਬੱਚਿਆਂ ਦੀ, ਰਾਖੀ ਕਰ ਰਿਹਾ ਹੈ? ਉਹ ਸਾਨੂੰ ਜਾਣਦਾ ਹੈ। ਉਹ ਸਾਨੂੰ ਪਿਆਰ ਕਰਦਾ ਹੈ। ਅਸੀਂ ਕਦੇ ਵੀ ਉਸ ਦੀਆਂ ਨਜ਼ਰਾਂ ਤੋਂ ਓਹਲੇ ਨਹੀਂ ਹੁੰਦੇ।

ਪਰਮੇਸ਼ੁਰ ਸਾਡੀ ਰਾਖੀ ਕਰਦਾ ਹੈ, ਅਤੇ ਕੋਈ ਵੀ ਗੱਲ ਉਸ ਨੂੰ ਹੈਰਾਨ ਨਹੀਂ ਕਰਦੀ। ਉਹ ਘਬਰਾਉਂਦਾ ਨਹੀਂ। ਜਦੋਂ ਸਾਨੂੰ ਸਮਝ ਨਾ ਆਵੇ ਕਿ ਕੀ ਕਰੀਏ, ਤਾਂ ਅਸੀਂ ਉਸ ਵੱਲ ਮੁੜ ਸਕਦੇ ਹਾਂ ਅਤੇ ਉਸ ਦੀ ਦੇਖਭਾਲ ਉੱਤੇ ਭਰੋਸਾ ਕਰ ਸਕਦੇ ਹਾਂ।

ਸਾਨੂੰ ਇੱਕ ਪਲ ਰੁਕ ਕੇ ਇਸ ਬਾਰੇ ਸੋਚਣਾ ਚਾਹੀਦਾ ਹੈ। ਸਾਰੇ ਬ੍ਰਹਿਮੰਡ ਦਾ ਪਰਮੇਸ਼ੁਰ ਸਾਡੀ ਰਾਖੀ ਕਰ ਰਿਹਾ ਹੈ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਕਿਹੜੀ ਚਿੰਤਾ ਤੁਹਾਡੇ ਮਨ ਉੱਤੇ ਭਾਰ ਬਣੀ ਹੋਈ ਹੈ? ਜ਼ਬੂਰ 121 ਤੁਹਾਨੂੰ ਉਸ ਬਾਰੇ ਪਰਮੇਸ਼ੁਰ ਉੱਤੇ ਭਰੋਸਾ ਰੱਖਣ ਦਾ ਹੌਸਲਾ ਕਿਵੇਂ ਦਿੰਦਾ ਹੈ?

ਪ੍ਰਾਰਥਨਾ

ਪ੍ਰਭੂ ਜੀ, ਮੇਰੀ ਰਾਖੀ ਕਰਨ ਲਈ ਤੁਹਾਡਾ ਧੰਨਵਾਦ। ਮੇਰੀ ਜ਼ਿੰਦਗੀ ਦੀ ਕੋਈ ਵੀ ਗੱਲ ਤੁਹਾਨੂੰ ਹੈਰਾਨ ਨਹੀਂ ਕਰਦੀ। ਜਦੋਂ ਮੈਨੂੰ ਬੇਚੈਨੀ ਹੋਵੇ, ਤਾਂ ਤੁਹਾਡੀ ਦੇਖਭਾਲ ਨੂੰ ਯਾਦ ਰੱਖਣ ਅਤੇ ਤੁਹਾਡੀ ਸ਼ਾਂਤੀ ਵਿੱਚ ਅਰਾਮ ਕਰਨ ਵਿੱਚ ਮੇਰੀ ਮਦਦ ਕਰੋ। ਅੱਜ ਦਾ ਦਿਨ ਲੰਘਾਉਂਦੇ ਸਮੇਂ ਤੁਹਾਡੇ ਉੱਤੇ ਭਰੋਸਾ ਰੱਖਣ ਵਿੱਚ ਮੇਰੀ ਮਦਦ ਕਰੋ। ਆਮੀਨ।

ਮੇਰੇ ਵਿਚਾਰ

ਦਿਨ 8

ਵਿਰਸਾ

ਬਾਈਬਲ ਵਿੱਚੋਂ ਪਾਠ

ਪੌਲੁਸ ਤਿਮੋਥਿਉਸ ਨਾਲ ਗੱਲ ਕਰ ਰਿਹਾ ਹੈ ਅਤੇ ਉਹ ਕਹਿੰਦਾ ਹੈ:

2 ਤਿਮੋਥਿਉਸ 1:5 (IRV)

> ਮੈਨੂੰ ਤੇਰੀ ਖਰੀ ਵਿਸ਼ਵਾਸ ਚੇਤੇ ਆਉਂਦੀ ਹੈ, ਜਿਹੜੀ ਪਹਿਲਾਂ ਤੇਰੀ ਨਾਨੀ ਲੋਇਸ ਅਤੇ ਤੇਰੀ ਮਾਤਾ ਯੂਨੀਕਾ ਵਿੱਚ ਸੀ ਅਤੇ ਮੈਨੂੰ ਭਰੋਸਾ ਹੈ ਜੋ ਉਹ ਤੇਰੇ ਵਿੱਚ ਵੀ ਹੈ।

ਮੇਰੀ ਨਾਨੀ, Nellie Farwell, ਨੂੰ ਖਰੀਦਦਾਰੀ ਕਰਨਾ ਬਹੁਤ ਪਸੰਦ ਸੀ। ਸੱਚ ਪੁੱਛੋ ਤਾਂ ਮੈਨੂੰ ਲੱਗਦਾ ਹੈ ਕਿ ਇਹ ਸ਼ੌਕ ਮੇਰੇ ਖ਼ੂਨ ਵਿੱਚ ਉਨ੍ਹਾਂ ਤੋਂ ਹੀ ਆਇਆ ਹੈ। ਉਨ੍ਹਾਂ ਨੂੰ ਚੀਨੀ ਮਿੱਟੀ ਦੇ ਕੱਪ-ਪਲੇਟਾਂ ਇਕੱਠੀਆਂ ਕਰਨ ਦਾ ਸ਼ੌਕ ਸੀ। ਇਹ ਕੱਪ ਮੇਰੀ ਮਾਂ ਅਤੇ ਉਨ੍ਹਾਂ ਦੀਆਂ ਤਿੰਨ ਭੈਣਾਂ ਨੂੰ ਮਿਲੇ। ਹਰ ਇੱਕ ਕੋਲ ਉਸ ਸੰਗ੍ਰਹਿ ਦੇ ਬਹੁਤ ਸਾਰੇ ਨਗ ਹਨ।

ਇੱਕ ਮਾਂ ਹੋਣ ਦੇ ਨਾਤੇ, ਮੈਂ ਆਪਣੇ ਬੱਚੇ ਨੂੰ ਚੰਗੀਆਂ ਚੀਜ਼ਾਂ ਸੌਂਪਣਾ ਚਾਹੁੰਦੀ ਹਾਂ। ਮੈਨੂੰ ਪਰਸ ਅਤੇ ਕੱਪੜੇ ਬਹੁਤ ਪਸੰਦ ਹਨ, ਪਰ ਮੈਨੂੰ ਨਹੀਂ ਲੱਗਦਾ ਕਿ ਮੇਰੇ ਪੁੱਤਰ ਨੂੰ ਇਹ ਚੀਜ਼ਾਂ ਬਹੁਤੀਆਂ ਪਸੰਦ ਆਉਣਗੀਆਂ। ਪਰ ਜੋ ਮੈਂ ਉਸ ਨੂੰ ਸੌਂਪਣਾ ਚਾਹੁੰਦੀ ਹਾਂ, ਉਹ ਹੈ ਪਰਮੇਸ਼ੁਰ ਨੂੰ ਮੰਨਣ ਵਾਲਾ ਵਿਰਸਾ। ਮੈਂ ਚਾਹੁੰਦੀ ਹਾਂ ਕਿ ਉਹ ਸਮਝੇ ਕਿ ਪਰਮੇਸ਼ੁਰ ਉੱਤੇ ਭਰੋਸਾ ਰੱਖਣਾ ਅਤੇ ਹਰ ਦਿਨ ਉਸ ਲਈ ਜੀਉਣਾ ਕਿੰਨਾ ਜ਼ਰੂਰੀ ਹੈ। ਜੇ ਮੈਂ ਇਹ ਕਰ ਸਕੀ, ਤਾਂ ਮੈਨੂੰ ਲੱਗਦਾ ਹੈ ਕਿ ਉਸ ਦੀ ਮਾਂ ਵਜੋਂ ਮੇਰੀ ਭੂਮਿਕਾ ਬਹੁਤ ਸਫ਼ਲ ਰਹੀ!

ਅੱਜ ਆਪਣੇ ਦਿਲ ਵਿੱਚ ਪੱਕਾ ਇਰਾਦਾ ਕਰੋ ਕਿ ਤੁਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਲਈ ਪਰਮੇਸ਼ੁਰ ਨੂੰ ਮੰਨਣ ਵਾਲੀ ਚੰਗੀ ਮਿਸਾਲ ਬਣੋਗੇ। ਇਹ

ਤੁਹਾਡੇ ਪੋਤੇ-ਪੋਤੀਆਂ, ਵਿਦਿਆਰਥੀ, ਨਾਲ ਕੰਮ ਕਰਨ ਵਾਲੇ, ਪਰਿਵਾਰ ਜਾਂ ਦੋਸਤ ਹੋ ਸਕਦੇ ਹਨ। ਮੂਰਖਤਾ ਨਾਲ ਨਾ ਜੀਓ। ਸਿਆਣੇ ਬਣੋ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਜੋ ਲੋਕ ਤੁਹਾਨੂੰ ਆਪਣਾ ਆਦਰਸ਼ ਮੰਨਦੇ ਹਨ, ਤੁਸੀਂ ਉਨ੍ਹਾਂ ਨੂੰ ਕੀ ਸੌਂਪਣਾ ਚਾਹੋਗੇ? ਤੁਸੀਂ ਉਨ੍ਹਾਂ ਨੂੰ ਕਿਵੇਂ ਦਿਖਾ ਸਕਦੇ ਹੋ ਕਿ ਪਰਮੇਸ਼ੁਰ ਉੱਤੇ ਭਰੋਸਾ ਰੱਖਣ ਦਾ ਕੀ ਮਤਲਬ ਹੈ?

ਪ੍ਰਾਰਥਨਾ

ਪਿਤਾ ਜੀ, ਉਨ੍ਹਾਂ ਲੋਕਾਂ ਲਈ ਤੁਹਾਡਾ ਧੰਨਵਾਦ ਜਿਨ੍ਹਾਂ ਨੇ ਮੈਨੂੰ ਦਿਖਾਇਆ ਕਿ ਵਿਸ਼ਵਾਸ ਕਿਹੋ ਜਿਹਾ ਹੁੰਦਾ ਹੈ। ਮੇਰੇ ਆਲੇ-ਦੁਆਲੇ ਦੇ ਲੋਕਾਂ ਲਈ ਤੁਹਾਨੂੰ ਮੰਨਣ ਵਾਲੀ ਚੰਗੀ ਮਿਸਾਲ ਬਣਨ ਵਿੱਚ ਮੇਰੀ ਮਦਦ ਕਰੋ। ਮੇਰੀਆਂ ਗੱਲਾਂ ਅਤੇ ਮੇਰੇ ਕੰਮ ਦੂਜਿਆਂ ਨੂੰ ਤੁਹਾਡੇ ਉੱਤੇ ਭਰੋਸਾ ਰੱਖਣ ਅਤੇ ਤੁਹਾਡੇ ਲਈ ਜੀਉਣ ਦਾ ਹੌਸਲਾ ਦੇਣ। ਆਮੀਨ।

ਮੇਰੇ ਵਿਚਾਰ

ਦਿਨ 9

ਗ਼ਲਤੀਆਂ ਤੋਂ ਸਿੱਖੋ

ਬਾਈਬਲ ਵਿੱਚੋਂ ਪਾਠ

ਯਹੋਸ਼ੁਆ 1:8 (IRV)

> ਇਹ ਬਿਵਸਥਾ ਦੀ ਪੋਥੀ ਤੇਰੇ ਮਨ ਤੋਂ ਕਦੇ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਇਸ ਉੱਤੇ ਧਿਆਨ ਕਰ ਤਾਂ ਜੋ ਉਸ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ, ਤੂੰ ਚੱਲੇਂ ਅਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸਫ਼ਲ ਬਣਾਵੇਂਗਾ, ਅਤੇ ਤੂੰ ਪ੍ਰਭਾਵਸ਼ਾਲੀ ਹੋਵੇਂਗਾ।

ਸਿਰਫ਼ ਇਸ ਲਈ ਕਿ ਤੁਸੀਂ ਕਿਸੇ ਕੰਮ ਵਿੱਚ ਨਾਕਾਮ ਹੋ ਗਏ, ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਨਾਕਾਮ ਇਨਸਾਨ ਹੋ। ਜਦੋਂ ਤੁਸੀਂ ਨਾਕਾਮ ਹੁੰਦੇ ਹੋ, ਤਾਂ ਤੁਹਾਨੂੰ ਪਰਖਣਾ ਚਾਹੀਦਾ ਹੈ ਕਿ ਗ਼ਲਤੀ ਕਿੱਥੇ ਹੋਈ ਅਤੇ ਉਸ ਸਮੱਸਿਆ ਨੂੰ ਠੀਕ ਕਰਨਾ ਚਾਹੀਦਾ ਹੈ, ਤਾਂ ਜੋ ਤੁਸੀਂ ਬਾਰ-ਬਾਰ ਨਾਕਾਮ ਨਾ ਹੋਵੋ। ਤੁਹਾਨੂੰ ਆਪਣੀਆਂ ਗ਼ਲਤੀਆਂ ਤੋਂ ਸਿੱਖਣਾ ਚਾਹੀਦਾ ਹੈ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ “ਰੀਪੀਟ” ਵਾਲਾ ਬਟਨ ਨਾ ਦੱਬੋ!

ਇਸ ਤੋਂ ਇਲਾਵਾ, ਮੇਰਾ ਮੰਨਣਾ ਹੈ ਕਿ ਦੂਜਿਆਂ ਦੀਆਂ ਗ਼ਲਤੀਆਂ ਤੋਂ ਸਿੱਖਣਾ ਵੀ ਜ਼ਰੂਰੀ ਹੈ। ਤੁਹਾਨੂੰ ਹਰ ਗੱਲ ਠੋਕਰਾਂ ਖਾ ਕੇ ਸਿੱਖਣ ਦੀ ਲੋੜ ਨਹੀਂ – ਜੇ ਤੁਸੀਂ ਕਿਸੇ ਨੂੰ ਭਿਆਨਕ ਗ਼ਲਤੀਆਂ ਕਰਦੇ ਦੇਖਿਆ ਹੈ, ਤਾਂ ਕੀ ਤੁਸੀਂ ਉਸ ਤੋਂ ਸਿੱਖ ਨਹੀਂ ਸਕਦੇ? ਮੈਨੂੰ ਲੱਗਦਾ ਹੈ ਕਿ ਸਿੱਖ ਸਕਦੇ ਹੋ।

ਬਾਈਬਲ ਵਿਚਲੀ ਬੁੱਧ ਪੜ੍ਹ ਕੇ ਵੀ ਤੁਸੀਂ ਗ਼ਲਤੀਆਂ ਕਰਨ ਤੋਂ ਬਚ ਸਕਦੇ ਹੋ। ਕਹਾਉਤਾਂ ਦੀ ਪੋਥੀ ਬੁੱਧ ਨਾਲ ਭਰੀ ਹੋਈ ਹੈ। ਬਾਈਬਲ ਪੜ੍ਹੋ, ਉਸ ਉੱਤੇ ਧਿਆਨ ਕਰੋ ਅਤੇ ਉਸ ਉੱਤੇ ਅਮਲ ਕਰੋ... ਜ਼ਿੰਦਗੀ ਵਿੱਚ ਬਹੁਤ ਸਾਰੇ ਦੁੱਖ ਅਤੇ ਉਥਲ-ਪੁਥਲ ਤੋਂ ਬਚਣ ਦਾ ਇਹ ਇੱਕ ਸ਼ਾਨਦਾਰ ਤਰੀਕਾ ਹੈ। ਪਰਮੇਸ਼ੁਰ ਦੇ ਰਾਹ ਵਾਲੀ ਸਫ਼ਲਤਾ ਦਾ ਇਹੀ ਰਸਤਾ ਹੈ।

ਸਫ਼ਲਤਾ ਤੁਹਾਡੀ ਹੋ ਸਕਦੀ ਹੈ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਤੁਸੀਂ ਕਿਸੇ ਗ਼ਲਤੀ ਤੋਂ ਕੀ ਸਿੱਖਿਆ ਹੈ? ਪਰਮੇਸ਼ੁਰ ਦੇ ਬਚਨ ਦੀ ਕਿਹੜੀ ਬੁੱਧ ਅਗਲੀ ਵਾਰ ਵੱਖਰਾ ਫ਼ੈਸਲਾ ਲੈਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ?

ਪ੍ਰਾਰਥਨਾ

ਪਿਤਾ ਜੀ, ਤੁਹਾਡਾ ਧੰਨਵਾਦ ਕਿ ਇੱਕ ਨਾਕਾਮੀ ਮੇਰੀ ਪੂਰੀ ਜ਼ਿੰਦਗੀ ਦੀ ਪਛਾਣ ਨਹੀਂ ਬਣਦੀ। ਸਿੱਖਣ, ਸੁਧਾਰ ਨੂੰ ਕਬੂਲ ਕਰਨ ਅਤੇ ਸਿਆਣੇ ਫ਼ੈਸਲੇ ਲੈਣ ਵਿੱਚ ਮੇਰੀ ਮਦਦ ਕਰੋ। ਮੈਨੂੰ ਸਿਖਾਓ ਕਿ ਉਹੀ ਗ਼ਲਤੀਆਂ ਦੁਹਰਾਉਣ ਦੀ ਬਜਾਏ ਮੈਂ ਤੁਹਾਡੇ ਬਚਨ ਉੱਤੇ ਅਮਲ ਕਰਾਂ। ਆਮੀਨ।

ਮੇਰੇ ਵਿਚਾਰ

ਦਿਨ 10

ਸਾਡੀਆਂ ਕੁਰਬਾਨੀਆਂ

ਰੋਮੀਆਂ 12:1 (IRV)

> ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀ ਦਯਾ ਯਾਦ ਕਰਾ ਕੇ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਕਿ ਤੁਸੀਂ ਆਪਣਿਆਂ ਸਰੀਰਾਂ ਨੂੰ ਜਿਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਹੋਇਆ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।

ਮੈਨੂੰ ਉਹ ਸਮਾਂ ਯਾਦ ਹੈ ਜਦੋਂ ਮੈਂ Stephenville ਵਿੱਚ ਕੰਮ ਕਰਦੀ ਸੀ ਅਤੇ Steve ਨਾਲ ਮੇਰੀ ਡੇਟਿੰਗ ਚੱਲ ਰਹੀ ਸੀ। Steve ਅਜੇ St. John's ਵਿੱਚ ਸੀ... ਦੂਰ-ਦੂਰ ਰਹਿ ਕੇ ਚੱਲਦਾ ਰਿਸ਼ਤਾ। ਮੈਨੂੰ ਇੱਕ ਸ਼ਾਮ ਯਾਦ ਹੈ, ਉਸ ਨੂੰ Gander ਤੱਕ ਕਿਸੇ ਨਾਲ ਗੱਡੀ ਵਿੱਚ ਆਉਣ ਦਾ ਮੌਕਾ ਮਿਲ ਗਿਆ। ਉਹ ਚਾਹੁੰਦਾ ਸੀ ਕਿ ਮੈਂ ਉਸ ਨੂੰ Gander ਤੋਂ ਲੈ ਆਵਾਂ ਅਤੇ ਫਿਰ ਅਸੀਂ Springdale ਵਿੱਚ ਕੁਝ ਸਮਾਂ ਇਕੱਠੇ ਬਿਤਾਈਏ।

ਮੈਂ ਕੀ ਕੀਤਾ? ਮੈਂ ਸਾਰਾ ਦਿਨ ਕੰਮ ਕੀਤਾ, ਫਿਰ ਆਪਣੀ ਕਾਰ ਵਿੱਚ ਬੈਠੀ ਅਤੇ ਗੱਡੀ ਚਲਾ ਕੇ Gander ਪਹੁੰਚੀ। ਫਿਰ ਅਸੀਂ ਘਰ Springdale ਵੱਲ ਚੱਲ ਪਏ। ਪਿਆਰ ਲਈ ਅਸੀਂ ਵੀ ਕੀ-ਕੀ ਪਾਗਲਪਨ ਕਰ ਜਾਂਦੇ ਹਾਂ! ਹਾਹਾਹਾਹਾ

ਜਦੋਂ ਤੁਸੀਂ ਕਿਸੇ ਨੂੰ ਸੱਚਮੁੱਚ ਪਿਆਰ ਕਰਦੇ ਹੋ, ਤਾਂ ਤੁਸੀਂ ਉਸ ਲਈ ਕੁਰਬਾਨੀਆਂ ਕਰਦੇ ਹੋ। ਅਸੀਂ ਅਕਸਰ ਸੁਣਦੇ ਹਾਂ ਕਿ ਪਰਮੇਸ਼ੁਰ ਸਾਨੂੰ ਕਿੰਨਾ ਪਿਆਰ ਕਰਦਾ ਹੈ, ਪਰ ਅਸੀਂ ਉਸ ਨੂੰ ਕਿੰਨਾ ਪਿਆਰ ਕਰਦੇ ਹਾਂ? ਤੁਸੀਂ ਉਸ ਲਈ ਕਿੰਨੀ ਦੂਰ ਤੱਕ ਗੱਡੀ ਚਲਾ ਕੇ ਜਾਓਗੇ? ਤੁਸੀਂ ਕੀ ਕੁਰਬਾਨ ਕਰਨ ਲਈ ਤਿਆਰ ਹੋਵੋਗੇ?

ਕੀ ਤੁਹਾਨੂੰ ਇਹ ਭਜਨ ਯਾਦ ਹੈ?

> ਸਭ ਕੁਝ ਯਿਸੂ ਨੂੰ ਸੌਂਪ ਦੇਵਾਂ;
> ਸਭ ਕੁਝ ਖ਼ੁਸ਼ੀ ਨਾਲ ਉਸ ਨੂੰ ਦੇਵਾਂ;
> ਸਦਾ ਉਸ ਨੂੰ ਪਿਆਰ ਕਰਾਂ, ਉਸ ਉੱਤੇ ਭਰੋਸਾ ਰੱਖਾਂ,
> ਹਰ ਰੋਜ਼ ਉਸ ਦੀ ਹਜ਼ੂਰੀ ਵਿੱਚ ਜੀਵਾਂ।

> ਸਭ ਕੁਝ ਸੌਂਪਾਂ,
> ਸਭ ਕੁਝ ਸੌਂਪਾਂ;
> ਸਭ ਕੁਝ ਤੈਨੂੰ, ਮੇਰੇ ਪਿਆਰੇ ਮੁਕਤੀਦਾਤੇ,
> ਸਭ ਕੁਝ ਸੌਂਪਾਂ।

“I Surrender All” ਵਿੱਚੋਂ, Judson W. Van DeVenter, 1896। ਪਬਲਿਕ ਡੋਮੇਨ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਪਰਮੇਸ਼ੁਰ ਨੂੰ ਪਿਆਰ ਕਰਨ ਲਈ ਸ਼ਾਇਦ ਤੁਹਾਨੂੰ ਕੀ ਦੇਣਾ ਜਾਂ ਛੱਡਣਾ ਪਵੇ? ਤੁਸੀਂ ਖ਼ੁਸ਼ੀ ਭਰੇ ਦਿਲ ਨਾਲ ਉਸ ਨੂੰ ਕਿਵੇਂ ਜਵਾਬ ਦੇ ਸਕਦੇ ਹੋ?

ਪ੍ਰਾਰਥਨਾ

ਯਿਸੂ, ਮੇਰੇ ਲਈ ਤੁਹਾਡੇ ਵੱਡੇ ਪਿਆਰ ਲਈ ਤੁਹਾਡਾ ਧੰਨਵਾਦ। ਸਿਰਫ਼ ਗੱਲਾਂ ਨਾਲ ਨਹੀਂ, ਸਗੋਂ ਉਸ ਤੋਂ ਵੱਧ ਕੇ ਤੁਹਾਨੂੰ ਪਿਆਰ ਕਰਨ ਵਿੱਚ ਮੇਰੀ ਮਦਦ ਕਰੋ। ਮੈਨੂੰ ਦਿਖਾਓ ਕਿ ਆਪਣੀਆਂ ਯੋਜਨਾਵਾਂ ਤੁਹਾਡੇ ਹਵਾਲੇ ਕਰਨ ਅਤੇ ਖ਼ੁਸ਼ੀ ਨਾਲ ਤੁਹਾਡੀ ਸੇਵਾ ਕਰਨ ਦਾ ਕੀ ਮਤਲਬ ਹੈ। ਮੇਰੇ ਫ਼ੈਸਲਿਆਂ ਵਿੱਚ ਤੁਹਾਡੇ ਲਈ ਮੇਰਾ ਪਿਆਰ ਦਿਖਾਈ ਦੇਵੇ। ਆਮੀਨ।

ਮੇਰੇ ਵਿਚਾਰ

ਦਿਨ 11

ਉਹ ਵੀ ਬਦਲੇ ਵਿੱਚ ਤੁਹਾਨੂੰ ਪਿਆਰ ਕਰਦਾ ਹੈ

ਬਾਈਬਲ ਵਿੱਚੋਂ ਪਾਠ

ਅਫ਼ਸੀਆਂ 3:18–19 (IRV)

> ਤੁਸੀਂ ਸਾਰੇ ਸੰਤਾਂ ਨਾਲ ਮਿਲ ਕੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੋ ਕਿ ਕਿੰਨੀ ਕੁ ਚੌੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ! 19 ਅਤੇ ਮਸੀਹ ਦਾ ਪਿਆਰ ਜੋ ਗਿਆਨ ਤੋਂ ਪਰੇ ਹੈ, ਚੰਗੀ ਤਰ੍ਹਾਂ ਸਮਝ ਸਕੋ ਕਿ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਵਿੱਚ ਭਰਪੂਰ ਹੋ ਜਾਓ l

ਮੈਂ Steve ਨੂੰ ਉਦੋਂ ਮਿਲੀ ਜਦੋਂ ਅਸੀਂ ਪਹਿਲੀ ਜਮਾਤ ਵਿੱਚ ਸੀ। ਮੇਰੇ ਲਈ ਤਾਂ ਇਹ ਪਹਿਲੀ ਨਜ਼ਰ ਦਾ ਪਿਆਰ ਸੀ! ਮੈਨੂੰ ਯਾਦ ਹੈ ਕਿ ਪ੍ਰਾਇਮਰੀ ਸਕੂਲ ਵਿੱਚ ਵੈਲੇਨਟਾਈਨ ਡੇ ਉੱਤੇ ਮੈਂ ਉਸ ਨੂੰ ਇੱਕ ਵੱਡਾ ਸਾਰਾ ਵੈਲੇਨਟਾਈਨ ਕਾਰਡ ਦਿੱਤਾ ਸੀ। ਮੈਨੂੰ ਯਾਦ ਹੈ ਕਿ ਮੈਂ ਖੇਡ-ਖੇਡ ਵਿੱਚ Steve Clarke ਨਾਲ ਵਿਆਹੀ ਹੋਣ ਦਾ ਨਾਟਕ ਕਰਦੀ ਸੀ – ਮੈਂ ਆਪਣੇ ਆਪ ਨੂੰ April Clarke ਬਣਾ ਲੈਂਦੀ ਸੀ, Steve Clarke ਦੀ ਘਰਵਾਲੀ। (ਮੈਨੂੰ ਲੱਗਦਾ ਹੈ ਕਿ April ਉਸ ਟੀਵੀ ਸੀਰੀਅਲ *The Edge of Night* ਦਾ ਇੱਕ ਕਿਰਦਾਰ ਸੀ ਜੋ ਮੈਨੂੰ ਪਸੰਦ ਹੁੰਦਾ ਸੀ... ਹਾਹਾਹਾ)

ਅਫ਼ਸੋਸ ਦੀ ਗੱਲ ਹੈ ਕਿ Steve ਦੇ ਦਿਲ ਵਿੱਚ ਮੇਰੇ ਲਈ ਉਹੋ ਜਿਹੇ ਜਜ਼ਬਾਤ ਬਹੁਤ ਬਾਅਦ ਵਿੱਚ ਜਾਗੇ – ਤਕਰੀਬਨ ਦਸ ਸਾਲ ਬਾਅਦ। ਆਦਮੀ ਬੜੇ ਢਿੱਲੇ ਹੁੰਦੇ ਹਨ, ਹੈ ਨਾ?

ਜਦੋਂ ਤੁਸੀਂ ਕਿਸੇ ਨੂੰ ਪਿਆਰ ਕਰੋ ਅਤੇ ਉਹ ਬਦਲੇ ਵਿੱਚ ਤੁਹਾਨੂੰ ਪਿਆਰ ਨਾ ਕਰੇ, ਤਾਂ ਬੜਾ ਔਖਾ ਲੱਗਦਾ ਹੈ।

ਖ਼ੁਸ਼ਖ਼ਬਰੀ ਇਹ ਹੈ ਕਿ ਜਦੋਂ ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ, ਤਾਂ ਉਹ ਹਮੇਸ਼ਾ ਬਦਲੇ ਵਿੱਚ ਤੁਹਾਨੂੰ ਪਿਆਰ ਕਰਦਾ ਹੈ। ਸੱਚ ਤਾਂ ਇਹ ਹੈ ਕਿ ਉਸ ਨੇ

ਪਹਿਲਾਂ ਤੁਹਾਨੂੰ ਪਿਆਰ ਕੀਤਾ। ਉਹ ਤੁਹਾਨੂੰ ਉਦੋਂ ਵੀ ਪਿਆਰ ਕਰਦਾ ਹੈ ਜਦੋਂ ਤੁਸੀਂ ਉਸ ਦੇ ਪਿਆਰ ਦੇ ਲਾਇਕ ਵੀ ਨਹੀਂ ਹੁੰਦੇ। ਤੁਹਾਡੇ ਲਈ ਪਰਮੇਸ਼ੁਰ ਦਾ ਪਿਆਰ ਡੂੰਘਾ ਅਤੇ ਬੇਹੱਦ ਹੈ!

ਦੂਜੀ ਖ਼ੁਸ਼ਖ਼ਬਰੀ ਇਹ ਹੈ ਕਿ Steve ਅਤੇ ਮੇਰਾ ਵਿਆਹ ਹੋ ਗਿਆ। ਪਰਮੇਸ਼ੁਰ ਬਹੁਤ ਭਲਾ ਹੈ। ਮੈਨੂੰ ਇੱਕ ਸ਼ਾਨਦਾਰ ਪਤੀ ਦੀ ਬਰਕਤ ਮਿਲੀ ਹੈ ਜੋ ਮੈਨੂੰ ਬਹੁਤ ਪਿਆਰ ਕਰਦਾ ਹੈ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਇਹ ਆਇਤਾਂ ਤੁਹਾਨੂੰ ਪਰਮੇਸ਼ੁਰ ਦੇ ਪਿਆਰ ਦੀ ਡੂੰਘਾਈ ਬਾਰੇ ਕੀ ਦੱਸਦੀਆਂ ਹਨ? ਇਹ ਜਾਣ ਕੇ ਕਿ ਉਸ ਨੇ ਪਹਿਲਾਂ ਤੁਹਾਨੂੰ ਪਿਆਰ ਕੀਤਾ, ਤੁਹਾਨੂੰ ਕਿਵੇਂ ਹੌਸਲਾ ਮਿਲਦਾ ਹੈ?

ਪ੍ਰਾਰਥਨਾ

ਪਿਤਾ ਜੀ, ਤੁਹਾਡਾ ਧੰਨਵਾਦ ਕਿ ਮੇਰੇ ਤੁਹਾਨੂੰ ਪਿਆਰ ਕਰਨ ਤੋਂ ਵੀ ਪਹਿਲਾਂ ਤੁਸੀਂ ਮੈਨੂੰ ਪਿਆਰ ਕੀਤਾ। ਤੁਹਾਡੇ ਪਿਆਰ ਦੀ ਚੌੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਨੂੰ ਹੋਰ ਸਮਝਣ ਵਿੱਚ ਮੇਰੀ ਮਦਦ ਕਰੋ। ਉਹ ਪਿਆਰ ਮੇਰੇ ਦਿਲ ਵਿੱਚ ਡੂੰਘਾ ਵੱਸ ਜਾਵੇ ਅਤੇ ਦੂਜਿਆਂ ਨੂੰ ਪਿਆਰ ਕਰਨ ਦੇ ਮੇਰੇ ਤਰੀਕੇ ਨੂੰ ਘੜੇ। ਆਮੀਨ।

ਮੇਰੇ ਵਿਚਾਰ

ਦਿਨ 12

ਪਰਮੇਸ਼ੁਰ ਤੁਹਾਡਾ ਹੱਥ ਫੜਦਾ ਹੈ

ਜਦੋਂ ਮੈਂ ਵੱਡੀ ਹੋ ਰਹੀ ਸੀ, ਮੇਰੇ ਪਿਤਾ ਜੀ ਅਤੇ ਮੈਂ ਇਕੱਠੇ ਸੈਰ ਕਰਨ ਜਾਂਦੇ ਸੀ। ਮੈਨੂੰ ਖ਼ਾਸ ਕਰਕੇ ਸਿਆਲਾਂ ਵਿੱਚ ਇਕੱਠੇ ਤੁਰਨਾ ਯਾਦ ਹੈ। ਪਿਤਾ ਜੀ ਹਮੇਸ਼ਾ ਮੇਰਾ ਹੱਥ ਫੜ ਕੇ ਰੱਖਦੇ ਸਨ। ਸ਼ਾਇਦ ਮੈਂ ਹੱਥਾਂ ਨੂੰ ਨਿੱਘਾ ਰੱਖਣ ਲਈ ਦਸਤਾਨੇ ਪਾਏ ਹੁੰਦੇ ਸਨ। ਪਰ ਉਨ੍ਹਾਂ ਠੰਢੇ ਦਿਨਾਂ ਵਿੱਚ, ਪਾਪਾ ਸਿਰਫ਼ ਮੇਰਾ ਹੱਥ ਹੀ ਨਹੀਂ ਫੜਦੇ ਸਨ, ਸਗੋਂ ਮੇਰਾ ਹੱਥ ਆਪਣੇ ਹੱਥ ਵਿੱਚ ਲੈ ਕੇ ਆਪਣੀ ਜੇਬ ਵਿੱਚ ਪਾ ਲੈਂਦੇ ਸਨ। ਮੈਨੂੰ ਇਸ ਤੋਂ ਹਮੇਸ਼ਾ ਬਹੁਤ ਸਕੂਨ ਮਿਲਦਾ ਸੀ – ਮੇਰਾ ਹੱਥ ਉਨ੍ਹਾਂ ਦੇ ਹੱਥ ਵਿੱਚ, ਉਨ੍ਹਾਂ ਦੀ ਜੇਬ ਵਿੱਚ! ਕਿੰਨੀ ਹਿਫ਼ਾਜ਼ਤ!

ਇਹ ਹਿਫ਼ਾਜ਼ਤ ਭਜਨ *He Leadeth Me* (“ਉਹ ਮੇਰੀ ਅਗਵਾਈ ਕਰਦਾ ਹੈ”) ਵਿੱਚ ਬਹੁਤ ਸੋਹਣੇ ਢੰਗ ਨਾਲ ਦੱਸੀ ਗਈ ਹੈ। ਮੈਨੂੰ ਇਹ ਬੰਦ ਬਹੁਤ ਪਸੰਦ ਹੈ:

> ਪ੍ਰਭੂ, ਮੈਂ ਆਪਣਾ ਹੱਥ ਤੇਰੇ ਹੱਥ ਵਿੱਚ ਦੇਵਾਂ,
> ਕਦੇ ਨਾ ਬੁੜਬੁੜਾਵਾਂ, ਨਾ ਸ਼ਿਕਾਇਤ ਕਰਾਂ;
> ਜੋ ਵੀ ਮੇਰੇ ਹਿੱਸੇ ਆਵੇ, ਉਸ ਵਿੱਚ ਰਾਜ਼ੀ ਰਹਾਂ,
> ਕਿਉਂਕਿ ਮੇਰਾ ਪਰਮੇਸ਼ੁਰ ਹੀ ਮੇਰੀ ਅਗਵਾਈ ਕਰਦਾ ਹੈ।

He Leadeth Me ਵਿੱਚੋਂ, Joseph H. Gilmore, 1862। ਪਬਲਿਕ ਡੋਮੇਨ।

ਅਸੀਂ ਪਰਮੇਸ਼ੁਰ ਉੱਤੇ ਪੂਰਾ ਭਰੋਸਾ ਕਰ ਸਕਦੇ ਹਾਂ। ਅਸੀਂ ਆਪਣਾ ਹੱਥ ਉਸ ਦੇ ਹੱਥ ਵਿੱਚ ਦਿੰਦੇ ਹਾਂ। ਫਿਰ ਉਹ ਸਾਡੇ ਨਾਲ ਤੁਰਦਾ ਹੈ ਅਤੇ ਸਾਨੂੰ ਉੱਥੇ ਲੈ ਜਾਂਦਾ ਹੈ ਜਿੱਥੇ ਸਾਨੂੰ ਜਾਣ ਦੀ ਲੋੜ ਹੈ।

ਉਸ ਨੂੰ ਆਪਣੀ ਅਗਵਾਈ ਕਰਨ ਦਿਓ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਕਿਸ ਫ਼ੈਸਲੇ ਜਾਂ ਹਾਲਾਤ ਵਿੱਚ ਤੁਹਾਨੂੰ ਪਰਮੇਸ਼ੁਰ ਦੀ ਅਗਵਾਈ ਦੀ ਲੋੜ ਹੈ? ਤੁਸੀਂ ਆਪਣਾ ਭਰੋਸਾ ਉਸ ਉੱਤੇ ਕਿਵੇਂ ਰੱਖ ਸਕਦੇ ਹੋ?

ਪ੍ਰਾਰਥਨਾ

ਪਿਤਾ ਜੀ, ਤੁਹਾਨੂੰ ਜਾਣਨ ਨਾਲ ਮਿਲਣ ਵਾਲੀ ਹਿਫ਼ਾਜ਼ਤ ਲਈ ਤੁਹਾਡਾ ਧੰਨਵਾਦ। ਮੇਰਾ ਹੱਥ ਤੁਹਾਡੇ ਹੱਥ ਵਿੱਚ ਹੈ। ਜਿਸ ਰਾਹ ਮੈਨੂੰ ਜਾਣਾ ਚਾਹੀਦਾ ਹੈ, ਉਸ ਵਿੱਚ ਮੇਰੀ ਅਗਵਾਈ ਕਰੋ ਅਤੇ ਖ਼ੁਸ਼ੀ ਭਰੇ ਦਿਲ ਨਾਲ ਤੁਹਾਡੇ ਪਿੱਛੇ ਚੱਲਣ ਵਿੱਚ ਮੇਰੀ ਮਦਦ ਕਰੋ। ਆਮੀਨ।

ਮੇਰੇ ਵਿਚਾਰ

ਦਿਨ 13

ਇੱਕ ਨਿੱਜੀ ਪਰਮੇਸ਼ੁਰ

ਜ਼ਬੂਰ 139:1–6, 13–14, 16–18 (IRV, ਅੰਸ਼)

> 1 ਹੇ ਯਹੋਵਾਹ, ਤੂੰ ਮੈਨੂੰ ਪਰਖ ਲਿਆ ਤੇ ਜਾਣ ਲਿਆ,
> 2 ਤੂੰ ਮੇਰਾ ਬੈਠਣਾ ਉੱਠਣਾ ਜਾਣਦਾ ਹੈਂ, ਤੂੰ ਮੇਰੀ ਵਿਚਾਰ ਨੂੰ ਦੂਰ ਤੋਂ ਹੀ ਸਮਝ ਲੈਂਦਾ ਹੈਂ,
> 3 ਤੂੰ ਮੇਰੇ ਚੱਲਣੇ ਅਤੇ ਲੇਟਣੇ ਦੀ ਛਾਣਬੀਣ ਕਰਦਾ ਹੈਂ, ਅਤੇ ਮੇਰੀਆਂ ਸਾਰੀਆਂ ਚਾਲਾਂ ਤੋਂ ਵਾਕਫ਼ ਹੈਂ।
> 4 ਮੇਰੀ ਜੀਭ ਉੱਤੇ ਇੱਕ ਗੱਲ ਵੀ ਨਹੀਂ, ਵੇਖ, ਹੇ ਯਹੋਵਾਹ, ਤੂੰ ਉਹ ਨੂੰ ਪੂਰੇ ਤੌਰ ਨਾਲ ਜਾਣਦਾ ਹੈਂ।
> 5 ਤੂੰ ਮੈਨੂੰ ਅੱਗੋਂ ਪਿੱਛੋਂ ਘੇਰ ਰੱਖਿਆ ਹੈ, ਤੂੰ ਆਪਣਾ ਹੱਥ ਮੇਰੇ ਉੱਤੇ ਧਰਿਆ ਹੈ,
> 6 ਇਹ ਗਿਆਨ ਮੇਰੇ ਲਈ ਅਚਰਜ਼ ਹੈ, ਉਹ ਉੱਚਾ ਹੈ, ਮੈਂ ਉਹ ਦੇ ਜੋਗ ਨਹੀਂ!।
> 13 ਤੂੰ ਤਾਂ ਮੇਰੇ ਅੰਦਰਲੇ ਅੰਗ ਰਚੇ, ਤੂੰ ਮੇਰੀ ਮਾਂ ਦੀ ਕੁੱਖ ਵਿੱਚ ਮੈਨੂੰ ਢੱਕਿਆ।
> 14 ਮੈਂ ਤੇਰਾ ਧੰਨਵਾਦ ਕਰਾਂਗਾ, ਕਿਉਂ ਜੋ ਮੈਂ ਭਿਆਨਕ ਰੀਤੀ ਤੇ ਅਚਰਜ਼ ਹਾਂ, ਤੇਰੇ ਕੰਮ ਅਚਰਜ਼ ਹਨ, ਅਤੇ ਮੈਂ ਇਸ ਨੂੰ ਖੂਬ ਜਾਣਦਾ ਹਾਂ!
> 16 ਤੇਰੀਆਂ ਅੱਖਾਂ ਨੇ ਮੇਰੇ ਬੇਡੌਲ ਮਲਬੇ ਨੂੰ ਵੇਖਿਆ, ਅਤੇ ਤੇਰੀ ਪੋਥੀ ਵਿੱਚ ਸਭ ਲਿਖੇ ਗਏ, ਦਿਨ ਮਿਥੇ ਗਏ, ਜਦ ਉਨ੍ਹਾਂ ਵਿੱਚੋਂ ਇੱਕ ਵੀ ਨਹੀਂ ਸੀ।
> 17 ਹੇ ਪਰਮੇਸ਼ੁਰ, ਤੇਰੇ ਵਿਚਾਰ ਮੇਰੇ ਲਈ ਕੇਡੇ ਬਹੁਮੁੱਲੇ ਹਨ, ਉਨ੍ਹਾਂ ਦਾ ਜੋੜ ਕੇਡਾ ਵੱਡਾ ਹੈ!
> 18 ਜੇ ਮੈਂ ਉਨ੍ਹਾਂ ਨੂੰ ਗਿਣਾ, ਓਹ ਰੇਤ ਦੇ ਦਾਣਿਆਂ ਨਾਲੋਂ ਵੀ ਵੱਧ ਹਨ, ਜਦ ਮੈਂ ਜਾਗ ਉੱਠਦਾ ਹਾਂ, ਮੈਂ ਤੇਰੇ ਨਾਲ ਹੁੰਦਾ ਹਾਂ।

ਹੱਥ ਫੜਨਾ ਨੇੜਤਾ ਦਾ ਇਸ਼ਾਰਾ ਹੈ। ਇਹ ਇਕੱਠੇ ਹੋਣ ਦੀ ਨਿਸ਼ਾਨੀ ਹੈ। ਕਈ ਵਾਰ ਜਦੋਂ ਕੋਈ ਬਿਮਾਰ ਹੁੰਦਾ ਹੈ, ਤਾਂ ਅਸੀਂ ਉਸ ਦਾ ਹੱਥ ਫੜਦੇ ਹਾਂ ਤਾਂ ਜੋ ਉਸ ਨੂੰ ਪਤਾ ਲੱਗੇ ਕਿ ਅਸੀਂ ਉਸ ਦੇ ਕੋਲ ਹਾਂ। ਜਦੋਂ ਕੋਈ ਜੋੜਾ ਸੜਕ ਉੱਤੇ ਤੁਰਦਾ ਹੈ, ਤਾਂ ਸ਼ਾਇਦ ਉਹ ਹੱਥ ਫੜ ਕੇ ਤੁਰਨ।

ਮੈਨੂੰ ਯਾਦ ਹੈ ਕਿ ਮੈਂ Steve ਨਾਲ Diana Krall ਦੇ ਇੱਕ ਸੰਗੀਤ ਪ੍ਰੋਗਰਾਮ ਵਿੱਚ ਗਈ ਸੀ। ਮੈਨੂੰ ਇੰਝ ਲੱਗਿਆ ਜਿਵੇਂ ਅਸੀਂ ਆਪਣੇ ਘਰ ਦੀ ਬੈਠਕ ਵਿੱਚ ਬੈਠੇ ਹਾਂ ਅਤੇ ਉਹ ਸਿਰਫ਼ ਸਾਡੇ ਲਈ ਗਾ-ਵਜਾ ਰਹੀ ਹੈ। ਇਹ ਬਹੁਤ ਸ਼ਾਨਦਾਰ ਤਜਰਬਾ ਸੀ। ਜੇ ਮੈਨੂੰ ਠੀਕ ਯਾਦ ਹੈ, ਤਾਂ ਇੱਕ ਪਲ Steve ਨੇ ਹੱਥ ਵਧਾ ਕੇ ਮੇਰਾ ਹੱਥ ਫੜ ਲਿਆ। ਉਹ ਪਲ ਇੰਨਾ ਨਿੱਜੀ ਅਤੇ ਨੇੜਤਾ ਭਰਿਆ ਸੀ ਕਿ ਮੈਨੂੰ ਲੱਗਦਾ ਹੈ ਮੈਂ ਰੋਣ ਲੱਗ ਪਈ। (ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ!)

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪਰਮੇਸ਼ੁਰ ਸਾਨੂੰ ਕਿਸੇ ਵੀ ਇਨਸਾਨ ਨਾਲੋਂ ਵੱਧ ਚੰਗੀ ਤਰ੍ਹਾਂ ਜਾਣਦਾ ਹੈ। ਉਹ ਸਾਡੇ ਬਾਰੇ ਸਭ ਕੁਝ ਜਾਣਦਾ ਹੈ! ਸਾਡੀਆਂ ਕਮਜ਼ੋਰੀਆਂ ਦੇ ਬਾਵਜੂਦ, ਉਹ ਫਿਰ ਵੀ ਸਾਨੂੰ ਪਿਆਰ ਕਰਦਾ ਹੈ। ਅਸੀਂ ਆਪਣੇ ਦਿਲ ਦੀ ਹਰ ਗੱਲ ਉਸ ਨਾਲ ਸਾਂਝੀ ਕਰ ਸਕਦੇ ਹਾਂ। ਅਸੀਂ ਕਿਸੇ ਵੀ ਗੱਲ ਬਾਰੇ ਉਸ ਉੱਤੇ ਭਰੋਸਾ ਕਰ ਸਕਦੇ ਹਾਂ। ਉਹ ਇੱਕ ਨਿੱਜੀ ਪਰਮੇਸ਼ੁਰ ਹੈ ਅਤੇ ਉਹ ਸਾਡੇ ਨਾਲ ਨਿੱਜੀ ਰਿਸ਼ਤਾ ਰੱਖਣਾ ਚਾਹੁੰਦਾ ਹੈ। ਉਹ ਸਾਡਾ ਹੱਥ ਫੜਨਾ ਚਾਹੁੰਦਾ ਹੈ ਕਿਉਂਕਿ ਉਹ ਸਾਡੀ ਜ਼ਿੰਦਗੀ ਦਾ ਹਿੱਸਾ ਬਣਨਾ ਚਾਹੁੰਦਾ ਹੈ।

ਹੁਣ ਇਹ ਸੋਚਣ ਵਾਲੀ ਗੱਲ ਹੈ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਇਹ ਜਾਣਦੇ ਹੋਏ ਕਿ ਪਰਮੇਸ਼ੁਰ ਤੁਹਾਨੂੰ ਪਹਿਲਾਂ ਤੋਂ ਹੀ ਪੂਰੀ ਤਰ੍ਹਾਂ ਜਾਣਦਾ ਹੈ ਅਤੇ ਤੁਹਾਨੂੰ ਪਿਆਰ ਕਰਦਾ ਹੈ, ਅੱਜ ਤੁਸੀਂ ਉਸ ਨਾਲ ਕੀ ਸਾਂਝਾ ਕਰਨਾ ਚਾਹੋਗੇ?

ਪ੍ਰਾਰਥਨਾ

ਪ੍ਰਭੂ ਜੀ, ਮੈਨੂੰ ਪੂਰੀ ਤਰ੍ਹਾਂ ਜਾਣਨ ਅਤੇ ਫਿਰ ਵੀ ਮੈਨੂੰ ਪਿਆਰ ਕਰਨ ਲਈ ਤੁਹਾਡਾ ਧੰਨਵਾਦ। ਤੁਹਾਡੇ ਨਾਲ ਖੁੱਲ੍ਹ ਕੇ ਸੱਚੀ ਗੱਲ ਕਰਨ ਅਤੇ ਜੋ ਕੁਝ ਮੇਰੇ ਦਿਲ ਵਿੱਚ ਹੈ, ਉਸ ਬਾਰੇ ਤੁਹਾਡੇ ਉੱਤੇ ਭਰੋਸਾ ਕਰਨ ਵਿੱਚ ਮੇਰੀ ਮਦਦ ਕਰੋ। ਤੁਹਾਡਾ ਧੰਨਵਾਦ ਕਿ ਤੁਸੀਂ ਮੇਰੇ ਨਾਲ ਨਿੱਜੀ ਰਿਸ਼ਤਾ ਚਾਹੁੰਦੇ ਹੋ। ਆਮੀਨ।

ਮੇਰੇ ਵਿਚਾਰ

ਦਿਨ 14

ਸੱਚੀ ਬਰਾਬਰੀ

ਬਾਈਬਲ ਵਿੱਚੋਂ ਪਾਠ

1 ਕੁਰਿੰਥੀਆਂ 12:18–21 (IRV)

> 18 ਪਰ ਹੁਣ ਪਰਮੇਸ਼ੁਰ ਨੇ ਜਿਸ ਪ੍ਰਕਾਰ ਉਹ ਨੂੰ ਭਾਉਂਦਾ ਸੀ, ਅੰਗਾਂ ਨੂੰ ਇੱਕ-ਇੱਕ ਕਰਕੇ ਸਰੀਰ ਵਿੱਚ ਰੱਖਿਆ ਹੈ। 19 ਪਰ ਜੇ ਉਹ ਸਾਰੇ ਇੱਕੋ ਹੀ ਅੰਗ ਹੁੰਦੇ ਤਾਂ ਸਰੀਰ ਕਿੱਥੇ ਹੁੰਦਾ? 20 ਪਰ ਹੁਣ ਤਾਂ ਬਹੁਤੇ ਅੰਗ ਹਨ, ਪਰ ਸਰੀਰ ਇੱਕੋ ਹੈ। 21 ਅੱਖ ਹੱਥ ਨੂੰ ਨਹੀਂ ਆਖ ਸਕਦੀ ਕਿ ਮੈਨੂੰ ਤੇਰੀ ਕੋਈ ਲੋੜ ਨਹੀਂ, ਨਾ ਸਿਰ ਪੈਰ ਨੂੰ ਕਿ ਮੈਨੂੰ ਤੁਹਾਡੀ ਕੋਈ ਲੋੜ ਨਹੀਂ l

ਜਿਨ੍ਹਾਂ ਲੋਕਾਂ ਦੇ ਵਾਲ ਕੁਦਰਤੀ ਤੌਰ ਤੇ ਸਿੱਧੇ ਹੁੰਦੇ ਹਨ, ਉਹ ਅਕਸਰ ਘੁੰਗਰਾਲੇ ਵਾਲ ਚਾਹੁੰਦੇ ਹਨ। ਜਿਨ੍ਹਾਂ ਦੇ ਵਾਲ ਘੁੰਗਰਾਲੇ ਹੁੰਦੇ ਹਨ, ਉਹ ਸਿੱਧੇ ਵਾਲ ਚਾਹੁੰਦੇ ਹਨ। ਅਸੀਂ ਕਦੇ ਸੰਤੁਸ਼ਟ ਕਿਉਂ ਨਹੀਂ ਹੁੰਦੇ? ਅਸੀਂ ਆਪਣੀ ਤੁਲਨਾ ਦੂਜਿਆਂ ਨਾਲ ਕਿਉਂ ਕਰਦੇ ਹਾਂ ਅਤੇ ਜੋ ਸਾਡੇ ਕੋਲ ਹੈ, ਉਸ ਤੋਂ ਨਾਖ਼ੁਸ਼ ਕਿਉਂ ਰਹਿੰਦੇ ਹਾਂ?

ਤੁਹਾਨੂੰ ਪਤਾ ਹੈ, ਇਹ ਗੱਲ ਅਕਸਰ ਚਰਚ ਵਿੱਚ ਵੀ ਹੁੰਦੀ ਹੈ। ਲੋਕ ਚਾਹੁੰਦੇ ਹਨ ਕਿ ਉਹ ਫਲਾਣੇ ਵਾਂਗ ਗਾ ਸਕਣ ਜਾਂ Joe ਵਾਂਗ ਪਿਆਨੋ ਵਜਾ ਸਕਣ। ਲੋਕ ਸੋਚਦੇ ਹਨ ਕਿ ਦੂਜਿਆਂ ਵਿੱਚ ਤਾਂ ਬਹੁਤ ਗੁਣ ਹਨ ਅਤੇ ਉਨ੍ਹਾਂ ਕੋਲ ਆਪ ਦੇਣ ਲਈ ਬਹੁਤਾ ਕੁਝ ਨਹੀਂ।

ਇਹ ਸੱਚ ਨਹੀਂ ਹੈ! ਪਰਮੇਸ਼ੁਰ ਨੇ ਚਰਚ ਨੂੰ ਇਸ ਤਰ੍ਹਾਂ ਚੱਲਣ ਲਈ ਨਹੀਂ ਬਣਾਇਆ!

ਮਸੀਹ ਦੇ ਸਰੀਰ ਵਿੱਚ ਹਰ ਕੋਈ ਬਰਾਬਰ ਹੈ! ਅਰਾਧਨਾ ਦੀ ਅਗਵਾਈ ਕਰਨ ਵਾਲਾ ਉਸ ਇਨਸਾਨ ਨਾਲੋਂ ਵੱਧ ਜ਼ਰੂਰੀ ਨਹੀਂ ਜੋ ਦਰੀਆਂ ਉੱਤੇ

ਵੈਕਿਊਮ ਕਰਦਾ ਹੈ! ਪਾਸਟਰ ਸੰਡੇ ਸਕੂਲ ਦੇ ਅਧਿਆਪਕ ਨਾਲੋਂ ਵੱਧ ਜ਼ਰੂਰੀ ਨਹੀਂ! ਕੀ ਇਹ ਜਾਣ ਕੇ ਮਨ ਹਲਕਾ ਨਹੀਂ ਹੋ ਜਾਂਦਾ?!

ਯਿਸੂ ਦੇ ਪਿੱਛੇ ਚੱਲੋ ਅਤੇ ਉਹ ਕਰੋ ਜੋ ਕਰਨ ਲਈ ਉਹ ਤੁਹਾਨੂੰ ਸੱਦਦਾ ਹੈ। ਉਸ ਦੇ ਨੇੜੇ ਰਹੋ। ਉਸ ਨੂੰ ਆਪਣੇ ਸਾਰੇ ਦਿਲ, ਮਨ ਅਤੇ ਤਾਕਤ ਨਾਲ ਪਿਆਰ ਕਰੋ। ਦੂਜਿਆਂ ਨਾਲ ਆਪਣੀ ਤੁਲਨਾ ਕਰਨੀ ਛੱਡ ਦਿਓ। ਇਸ ਗੱਲ ਦੀ ਪਰਵਾਹ ਕਰੋ ਕਿ ਉਹ ਤੁਹਾਡੇ ਬਾਰੇ ਕੀ ਸੋਚਦਾ ਹੈ। ਤੁਸੀਂ ਕਦੇ ਵੀ ਸਾਰੇ ਲੋਕਾਂ ਨੂੰ ਖ਼ੁਸ਼ ਨਹੀਂ ਕਰ ਸਕੋਗੇ, ਪਰ ਤੁਸੀਂ ਪਰਮੇਸ਼ੁਰ ਨੂੰ ਖ਼ੁਸ਼ ਕਰ ਸਕਦੇ ਹੋ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਕੀ ਤੁਸੀਂ ਆਪਣੇ ਗੁਣਾਂ ਜਾਂ ਆਪਣੀ ਭੂਮਿਕਾ ਦੀ ਤੁਲਨਾ ਕਿਸੇ ਹੋਰ ਨਾਲ ਕਰਦੇ ਰਹੇ ਹੋ? ਜੋ ਕੰਮ ਕਰਨ ਲਈ ਪਰਮੇਸ਼ੁਰ ਨੇ ਤੁਹਾਨੂੰ ਸੱਦਿਆ ਹੈ, ਉਸ ਨੂੰ ਤੁਸੀਂ ਵਫ਼ਾਦਾਰੀ ਨਾਲ ਕਿਵੇਂ ਕਰ ਸਕਦੇ ਹੋ?

ਪ੍ਰਾਰਥਨਾ

ਪਿਤਾ ਜੀ, ਤੁਹਾਡਾ ਧੰਨਵਾਦ ਕਿ ਤੁਹਾਡੇ ਪਰਿਵਾਰ ਵਿੱਚ ਹਰ ਇਨਸਾਨ ਦੀ ਕਦਰ ਹੈ। ਦੂਜਿਆਂ ਨਾਲ ਆਪਣੀ ਤੁਲਨਾ ਕਰਨੀ ਛੱਡਣ ਅਤੇ ਖ਼ੁਸ਼ੀ ਭਰੇ ਦਿਲ ਨਾਲ ਤੁਹਾਡੀ ਸੇਵਾ ਕਰਨ ਵਿੱਚ ਮੇਰੀ ਮਦਦ ਕਰੋ। ਮੈਨੂੰ ਤੁਹਾਡੀ ਮਰਜ਼ੀ ਜਾਣਨ ਅਤੇ ਤੁਹਾਨੂੰ ਖ਼ੁਸ਼ ਕਰਨ ਵਾਲੀ ਜ਼ਿੰਦਗੀ ਜੀਉਣ ਲਈ ਬੁੱਧ ਦਿਓ। ਆਮੀਨ।

ਮੇਰੇ ਵਿਚਾਰ

ਦਿਨ 15

ਸਭ ਕੁਝ ਰਲ ਕੇ ਸਾਡਾ ਭਲਾ ਕਰਦਾ ਹੈ

ਰੋਮੀਆਂ 8:28 (IRV)

> ਅਸੀਂ ਜਾਣਦੇ ਹਾਂ ਕਿ ਜਿਹੜੇ ਪਰਮੇਸ਼ੁਰ ਦੇ ਨਾਲ ਪਿਆਰ ਰੱਖਦੇ ਹਨ ਸਾਰਿਆਂ ਵਸਤਾਂ ਰਲ ਕੇ ਉਹਨਾਂ ਦਾ ਭਲਾ ਹੀ ਕਰਦੀਆਂ ਹਨ, ਅਰਥਾਤ ਉਹਨਾਂ ਦਾ ਜਿਹੜੇ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਬੁਲਾਏ ਹੋਏ ਹਨ।

ਸਾਡੇ ਆਲੇ-ਦੁਆਲੇ ਮਾੜੀਆਂ ਗੱਲਾਂ ਹੁੰਦੀਆਂ ਹਨ। ਸਾਡੇ ਨਾਲ ਵੀ ਮਾੜੀਆਂ ਗੱਲਾਂ ਹੁੰਦੀਆਂ ਹਨ। ਪਰਮੇਸ਼ੁਰ ਇਹ ਗੱਲਾਂ ਨਹੀਂ ਕਰਵਾਉਂਦਾ। ਜਿਨ੍ਹਾਂ ਦੁੱਖਾਂ ਦਾ ਅਸੀਂ ਸਾਹਮਣਾ ਕਰਦੇ ਹਾਂ, ਉਨ੍ਹਾਂ ਦਾ ਇਹ ਮਤਲਬ ਨਹੀਂ ਕਿ ਪਰਮੇਸ਼ੁਰ ਨੇ ਸਾਨੂੰ ਪਿਆਰ ਕਰਨਾ ਛੱਡ ਦਿੱਤਾ ਹੈ। ਸਾਡਾ ਇੱਕ ਦੁਸ਼ਮਣ ਹੈ—ਸ਼ੈਤਾਨ ਅਤੇ ਉਸ ਦੇ ਭੂਤ—ਜੋ ਦੁਨੀਆਂ ਵਿੱਚ ਹਫੜਾ-ਦਫੜੀ ਅਤੇ ਬੁਰਾਈ ਫੈਲਾਉਂਦੇ ਹਨ।

ਪਰਮੇਸ਼ੁਰ ਭਲਾ ਪਰਮੇਸ਼ੁਰ ਹੈ। ਉਹ ਭਲਾ ਪਿਤਾ ਹੈ। ਸਾਡੇ ਉੱਤੇ ਜੋ ਵੀ ਹਾਲਾਤ ਆਉਣ, ਉਹ ਉਨ੍ਹਾਂ ਵਿੱਚੋਂ ਭਲਾਈ ਕੱਢੇਗਾ।

ਆਓ ਯੂਸੁਫ਼ ਦੀ ਕਹਾਣੀ ਬਾਰੇ ਸੋਚੀਏ। ਪਰਮੇਸ਼ੁਰ ਨੇ ਯੂਸੁਫ਼ ਨੂੰ ਵੱਡੇ-ਵੱਡੇ ਸੁਪਨੇ ਦਿੱਤੇ ਸਨ। ਯੂਸੁਫ਼ ਨੇ ਜੋ ਸੁਪਨੇ ਆਪਣੇ ਭਰਾਵਾਂ ਨੂੰ ਦੱਸੇ, ਉਹ ਉਨ੍ਹਾਂ ਨੂੰ ਚੰਗੇ ਨਾ ਲੱਗੇ। ਪਹਿਲਾਂ ਤਾਂ ਉਹ ਆਪਣੇ ਭਰਾ ਨੂੰ ਮਾਰ ਦੇਣ ਵਾਲੇ ਸਨ, ਪਰ ਆਖ਼ਰ ਉਸ ਨੂੰ ਗੁਲਾਮ ਬਣਾ ਕੇ ਵੇਚ ਦਿੱਤਾ ਗਿਆ। ਜ਼ਰਾ ਸੋਚੋ, ਤੁਹਾਡਾ ਆਪਣਾ ਪਰਿਵਾਰ ਤੁਹਾਨੂੰ ਵੇਚ ਦੇਵੇ!

ਅਤੇ ਕਹਾਣੀ ਇੱਥੇ ਖ਼ਤਮ ਨਹੀਂ ਹੁੰਦੀ! ਯੂਸੁਫ਼ ਉੱਤੇ ਇੱਕ ਜੁਰਮ ਦਾ ਝੂਠਾ ਇਲਜ਼ਾਮ ਲਾਇਆ ਗਿਆ। ਉਸ ਨੂੰ ਕੈਦ ਵਿੱਚ ਪਾ ਦਿੱਤਾ ਗਿਆ। ਉਹ ਕਈ ਸਾਲ ਉੱਥੇ ਰਿਹਾ!

ਪਰ ਜਦੋਂ ਯੂਸੁਫ਼ ਮਿਸਰ ਵਿੱਚ ਵੱਡੇ ਅਹੁਦੇ ਉੱਤੇ ਪਹੁੰਚ ਗਿਆ, ਤਾਂ ਉਸ ਨੇ ਆਪਣੇ ਭਰਾਵਾਂ ਨੂੰ ਕਿਹਾ:

> ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈ ਦਾ ਮਨ ਬਣਾਇਆ; ਪਰ ਪਰਮੇਸ਼ੁਰ ਨੇ ਉਸ ਨੂੰ ਭਲਿਆਈ ਦਾ ਵਿਚਾਰ ਬਣਾਇਆ

ਉਤਪਤ 50:20 (IRV, ਅੰਸ਼)

ਜਿਹੜੇ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ ਅਤੇ ਉਸ ਦੇ ਮਕਸਦ ਲਈ ਸੱਦੇ ਗਏ ਹਨ, ਪਰਮੇਸ਼ੁਰ ਸਭ ਕੁਝ ਉਨ੍ਹਾਂ ਦੇ ਭਲੇ ਲਈ ਕਰ ਦਿੰਦਾ ਹੈ!

ਸ਼ਾਇਦ ਤੁਸੀਂ ਬਹੁਤ ਔਖੇ ਹਾਲਾਤ ਵਿੱਚ ਹੋ। ਸ਼ਾਇਦ ਤੁਸੀਂ ਕਿਸੇ ਦੁਖਾਂਤ, ਟੁੱਟੇ ਰਿਸ਼ਤਿਆਂ, ਦਰਦ ਜਾਂ ਨਿਰਾਸ਼ਾ ਦਾ ਸਾਹਮਣਾ ਕੀਤਾ ਹੈ।

ਯਕੀਨ ਰੱਖੋ ਕਿ ਜੇ ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ ਅਤੇ ਆਪਣੀ ਜ਼ਿੰਦਗੀ ਉਸ ਦੇ ਹਵਾਲੇ ਕਰ ਦਿੱਤੀ ਹੈ, ਤਾਂ ਉਹ ਕੰਮ ਕਰ ਰਿਹਾ ਹੈ—ਉਦੋਂ ਵੀ ਜਦੋਂ ਤੁਹਾਨੂੰ ਦਿਖਾਈ ਨਹੀਂ ਦਿੰਦਾ। ਸ਼ਾਇਦ ਸਾਨੂੰ ਸਮਝ ਨਾ ਆਵੇ ਕਿ ਕਿਵੇਂ ਜਾਂ ਕਦੋਂ, ਪਰ ਅਸੀਂ ਭਰੋਸਾ ਰੱਖ ਸਕਦੇ ਹਾਂ ਕਿ ਜੋ ਕੁਝ ਸਾਡੇ ਉੱਤੇ ਆਉਂਦਾ ਹੈ, ਉਹ ਉਸ ਵਿੱਚੋਂ ਭਲਾਈ ਕੱਢੇਗਾ, ਆਪਣੇ ਆਦਰ ਅਤੇ ਆਪਣੀ ਮਹਿਮਾ ਲਈ।

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਕੀ ਤੁਹਾਡੀ ਜ਼ਿੰਦਗੀ ਵਿੱਚ ਕੋਈ ਔਖੀ ਹਾਲਤ ਹੈ ਜੋ ਤੁਹਾਨੂੰ ਸਮਝ ਨਹੀਂ ਆਉਂਦੀ? ਯੂਸੁਫ਼ ਦੀ ਕਹਾਣੀ ਤੋਂ ਤੁਹਾਨੂੰ ਕਿਹੜਾ ਹੌਸਲਾ ਮਿਲਦਾ ਹੈ? ਇੱਕ ਪਲ ਕੱਢ ਕੇ ਆਪਣੀ ਹਾਲਤ ਪਰਮੇਸ਼ੁਰ ਕੋਲ ਲੈ ਆਓ, ਅਤੇ ਉਸ ਨੂੰ ਬੇਨਤੀ ਕਰੋ ਕਿ ਉਡੀਕ ਕਰਦੇ ਸਮੇਂ ਵੀ ਉਸ ਉੱਤੇ ਭਰੋਸਾ ਰੱਖਣ ਵਿੱਚ ਉਹ ਤੁਹਾਡੀ ਮਦਦ ਕਰੇ।

ਪ੍ਰਾਰਥਨਾ

ਪਿਤਾ ਜੀ, ਤੁਹਾਡਾ ਧੰਨਵਾਦ ਕਿ ਤੁਸੀਂ ਭਲੇ ਪਿਤਾ ਹੋ। ਜੋ ਕੁਝ ਮੇਰੇ ਉੱਤੇ ਬੀਤ ਰਿਹਾ ਹੈ, ਤੁਸੀਂ ਉਹ ਦੇਖਦੇ ਹੋ, ਅਤੇ ਤੁਸੀਂ ਜਾਣਦੇ ਹੋ ਕਿ ਮੇਰੇ ਦਿਲ ਉੱਤੇ ਕੀ ਬੀਤ ਰਹੀ ਹੈ। ਜਦੋਂ ਮੈਨੂੰ ਸਮਝ ਨਾ ਆਵੇ ਕਿ ਕੀ ਹੋ ਰਿਹਾ ਹੈ ਜਾਂ ਅੱਗੇ ਕੋਈ ਰਾਹ ਨਾ ਦਿਸੇ, ਤਾਂ ਤੁਹਾਡੇ ਉੱਤੇ ਭਰੋਸਾ ਰੱਖਣ ਵਿੱਚ ਮੇਰੀ ਮਦਦ ਕਰੋ। ਅੱਜ ਲਈ ਮੈਨੂੰ ਤਾਕਤ ਦਿਓ ਅਤੇ ਉਡੀਕ ਕਰਦੇ ਸਮੇਂ ਸਬਰ ਦਿਓ। ਇਹ ਹਾਲਾਤ ਹੁਣ ਤੁਹਾਡੇ ਹੱਥਾਂ ਵਿੱਚ ਹਨ। ਇਸ ਵਿੱਚੋਂ ਭਲਾਈ ਕੱਢੋ, ਅਤੇ ਮੇਰੀ ਜ਼ਿੰਦਗੀ ਨਾਲ ਤੁਹਾਡਾ ਆਦਰ ਅਤੇ ਤੁਹਾਡੀ ਮਹਿਮਾ ਹੋਵੇ। ਯਿਸੂ ਦੇ ਨਾਮ ਵਿੱਚ, ਆਮੀਨ।

ਮੇਰੇ ਵਿਚਾਰ

ਦਿਨ 16

ਤੁਸੀਂ ਆਪਣੇ ਪਿਤਾ ਉੱਤੇ ਭਰੋਸਾ ਰੱਖ ਸਕਦੇ ਹੋ

ਬਾਈਬਲ ਪਾਠ

ਬਿਵਸਥਾ ਸਾਰ 31:8 (IRV)

> 8 ਯਹੋਵਾਹ ਆਪ ਤੇਰੇ ਅੱਗੇ-ਅੱਗੇ ਜਾਵੇਗਾ। ਉਹ ਤੇਰੇ ਨਾਲ ਹੋਵੇਗਾ, ਉਹ ਨਾ ਤਾਂ ਤੈਨੂੰ ਛੱਡੇਗਾ ਅਤੇ ਨਾ ਤਿਆਗੇਗਾ। ਇਸ ਲਈ ਨਾ ਡਰ ਅਤੇ ਨਾ ਘਬਰਾ!”

ਸਾਡਾ ਸਵਰਗੀ ਪਿਤਾ ਬਹੁਤ ਹੀ ਚੰਗਾ ਹੈ। ਉਹ ਵਾਅਦਾ ਕਰਦਾ ਹੈ ਕਿ ਉਹ ਸਾਨੂੰ ਕਦੇ ਨਹੀਂ ਛੱਡੇਗਾ। ਜ਼ਿੰਦਗੀ ਦੇ ਵੱਡੇ-ਵੱਡੇ ਖੁਸ਼ੀ ਦੇ ਪਲਾਂ ਵਿੱਚ ਉਹ ਸਾਡੇ ਨਾਲ ਹੁੰਦਾ ਹੈ। ਅਤੇ ਜ਼ਿੰਦਗੀ ਦੇ ਸਭ ਤੋਂ ਔਖੇ ਤੂਫ਼ਾਨਾਂ ਵਿੱਚ ਵੀ ਉਹ ਸਾਡੇ ਨਾਲ ਹੁੰਦਾ ਹੈ।

ਮੈਨੂੰ ਯਾਦ ਹੈ ਕਿ ਮੇਰੇ ਵਿਆਹ ਵਾਲੇ ਦਿਨ ਮੇਰੇ ਡੈਡੀ ਮੈਨੂੰ ਚਰਚ ਦੇ ਵਿਚਕਾਰਲੇ ਰਸਤੇ ਤੋਂ ਅੱਗੇ ਲੈ ਕੇ ਗਏ ਸਨ। ਉਹ ਬਹੁਤ ਭਾਵੁਕ ਪਲ ਸੀ। ਮੈਨੂੰ ਪੂਰਾ ਯਕੀਨ ਸੀ ਕਿ ਮੈਂ ਸਹੀ ਫ਼ੈਸਲਾ ਕਰ ਰਹੀ ਹਾਂ। ਬਾਂਹ ਵਿੱਚ ਬਾਂਹ ਪਾ ਕੇ ਡੈਡੀ ਮੇਰੇ ਨਾਲ ਤੁਰੇ। ਡੈਡੀ ਉੱਥੇ ਹੀ ਮੇਰੇ ਨਾਲ-ਨਾਲ ਸਨ।

ਜਦੋਂ ਮੈਂ ਛੋਟੀ ਕੁੜੀ ਸੀ, ਮੈਨੂੰ ਯਾਦ ਹੈ ਕਿ ਇੱਕ ਵਾਰ Grand Bank ਜਾਂਦੇ ਹੋਏ ਸਾਨੂੰ ਬਹੁਤ ਭਿਆਨਕ ਬਰਫ਼ੀਲੇ ਤੂਫ਼ਾਨ ਦਾ ਸਾਹਮਣਾ ਕਰਨਾ ਪਿਆ। Burin ਪ੍ਰਾਇਦੀਪ ਉੱਤੇ ਸੜਕਾਂ ਬੰਦ ਸਨ ਅਤੇ ਸਾਨੂੰ ਮੁੜ ਕੇ ਘਰ ਵੱਲ ਵਾਪਸ ਆਉਣਾ ਪਿਆ। ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਮੌਸਮ ਕਿੰਨਾ ਖ਼ਰਾਬ ਹੈ ਜਦੋਂ ਇੱਕ ਪਲ ਤੁਹਾਡੇ ਅੱਗੇ ਇੱਕ ਵੱਡਾ ਟਰੱਕ ਹੁੰਦਾ ਹੈ ਅਤੇ ਅਗਲੇ ਪਲ ਟਰੱਕ ਗਾਇਬ... ਸੜਕ ਤੋਂ ਹੇਠਾਂ। ਮੇਰੇ ਡੈਡੀ ਬਹੁਤ ਵਧੀਆ ਡਰਾਈਵਰ ਸਨ। ਗੱਡੀ ਪੂਰੀ ਤਰ੍ਹਾਂ ਉਨ੍ਹਾਂ ਦੇ ਕਾਬੂ ਵਿੱਚ ਸੀ। ਜਿੱਥੋਂ ਤੱਕ ਮੈਨੂੰ ਯਾਦ ਹੈ, ਮੈਨੂੰ ਰਤਾ ਵੀ ਫ਼ਿਕਰ ਜਾਂ ਚਿੰਤਾ ਨਹੀਂ ਸੀ। ਡੈਡੀ ਉੱਥੇ ਹੀ ਮੇਰੇ ਨਾਲ-ਨਾਲ ਸਨ।

ਹਰ ਹਾਲ ਵਿੱਚ, ਮੇਰੇ ਪਿਤਾ ਜੀ ਉੱਥੇ ਸਨ। ਮੈਂ ਉਨ੍ਹਾਂ ਉੱਤੇ ਭਰੋਸਾ ਕਰ ਸਕਦੀ ਸੀ।
ਹਰ ਹਾਲ ਵਿੱਚ, ਮੇਰਾ ਸਵਰਗੀ ਪਿਤਾ ਉੱਥੇ ਹੈ। ਮੈਂ ਉਸ ਉੱਤੇ ਭਰੋਸਾ ਕਰ ਸਕਦੀ ਹਾਂ।

ਇਹ ਗੱਲ ਕਦੇ ਨਾ ਭੁੱਲਣਾ!

ਅੱਜ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

ਸੋਚ-ਵਿਚਾਰ

ਕਦੋਂ ਤੁਸੀਂ ਕਿਸੇ ਖੁਸ਼ੀ ਦੇ ਜਾਂ ਔਖੇ ਸਮੇਂ ਵਿੱਚ ਆਪਣੇ ਸਵਰਗੀ ਪਿਤਾ ਦੀ ਦੇਖਭਾਲ ਮਹਿਸੂਸ ਕੀਤੀ ਹੈ? ਅੱਜ ਤੁਹਾਨੂੰ ਕਿਹੜੀ ਗੱਲ ਵਿੱਚ ਉਸ ਉੱਤੇ ਭਰੋਸਾ ਕਰਨ ਦੀ ਲੋੜ ਹੈ?

ਪ੍ਰਾਰਥਨਾ

ਹੇ ਸਵਰਗੀ ਪਿਤਾ, ਜ਼ਿੰਦਗੀ ਦੀਆਂ ਖੁਸ਼ੀਆਂ ਅਤੇ ਤੂਫ਼ਾਨਾਂ ਵਿੱਚ ਮੇਰੇ ਨਾਲ ਰਹਿਣ ਲਈ ਤੇਰਾ ਧੰਨਵਾਦ। ਮੇਰੀ ਮਦਦ ਕਰ ਕਿ ਮੈਂ ਯਾਦ ਰੱਖਾਂ ਕਿ ਮੈਂ ਤੇਰੇ ਉੱਤੇ ਭਰੋਸਾ ਕਰ ਸਕਦਾ ਹਾਂ। ਅੱਜ ਜੋ ਵੀ ਮੇਰੇ ਸਾਹਮਣੇ ਆਵੇ, ਮੈਨੂੰ ਤੇਰੀ ਵਫ਼ਾਦਾਰ ਦੇਖਭਾਲ ਉੱਤੇ ਪੱਕਾ ਭਰੋਸਾ ਦੇ। ਆਮੀਨ।

ਮੇਰੇ ਵਿਚਾਰ

ਦਿਨ 17

ਪਰਮੇਸ਼ੁਰ ਤੁਹਾਡੇ ਸਾਹ ਨਾਲੋਂ ਵੀ ਨੇੜੇ ਹੈ

ਰੋਮੀਆਂ 8:38–39 (IRV)

> 38 ਕਿਉਂ ਜੋ ਮੈਨੂੰ ਵਿਸ਼ਵਾਸ ਹੈ, ਕਿ ਨਾ ਮੌਤ, ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਹੋਣ ਵਾਲੀਆਂ ਵਸਤਾਂ, ਨਾ ਸ਼ਕਤੀਆਂ। 39 ਅਤੇ ਨਾ ਉਚਿਆਈ, ਨਾ ਡੂੰਘਿਆਈ, ਅਤੇ ਨਾ ਕੋਈ ਹੋਰ ਸ੍ਰਿਸ਼ਟੀ ਮੈਨੂੰ ਪਰਮੇਸ਼ੁਰ ਦੇ ਉਸ ਪਿਆਰ ਤੋਂ ਜੋ ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਹੈ, ਸਾਨੂੰ ਅਲੱਗ ਕਰ ਸਕੇਗੀ।

